ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

You Tube https://youtu.be/LQwolgxDu7l

awazeqaumtvpunjab@gmail.com

ਐਤਵਾਰ, 19 ਅਕਤੂਬਰ 2025 (ਨਾਨਕਸ਼ਾਹੀ ਸੰਮਤ : ੫੫੭, ੩ ਕੱਤਕ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## 9 ਵਿਚੋਂ ਸਿਰ਼ਫ 4 ਜਥਿਆਂ ਨੂੰ ਮਿਲੀ ਸ੍ਰੀ ਨਨਕਾਣਾ ਸਾਹਿਬ ਜਾਣ ਦੀ ਇਜਾਜ਼ਤ

**ਨਵੀਂ ਦਿੱਲੀ, 18 ਅਕਤੂਬਰ (ਆਵਾਜ਼ਿ ਕੌਮ ਬਿਊਰੋ)**- ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੂਰਬ ਮੌਕੇ ਨਨਕਾਣਾ ਸਾਹਿਬ ਜਾਣ ਵਾਲੇ ਜਥੇ ਸਬੰਧੀ ਭਾਰਤ ਸਰਕਾਰ ਵੱਲੋਂ ਵੱਡਾ ਫੈਸਲਾ ਲਿਆ ਗਿਆ ਹੈ। ਦੱਸ ਦਈਏ ਕਿ ਭਾਰਤ ਸਰਕਾਰ ਨੇ ਪਾਕਿਸਤਾਨ ਜਾਣ ਵਾਲੀਆਂ 9 ਜਥੇ ਚੋਂ ਸਿਰਫ 4 ਨੂੰ ਹੀ ਪਾਕਿਸਤਾਨ ਲੈ ਕੇ ਜਾਣ ਦੀ ਇਜ਼ਾਜਤ ਦਿੱਤੀ ਹੈ। ਫੈਸਲੇ ਮੁਤਾਬਿਕ 5 ਜਥੇਬੰਦੀਆਂ ਨੂੰ ਜਥਾ ਪਾਕਿਸਤਾਨ ਦੇ ਨਨਕਾਣਾ ਸਾਹਿਬ ਲੈ ਕੇ ਜਾਣ ਦੀ ਇਜਾਜਤ ਨਹੀਂ ਮਿਲੀ ਹੈ। ਦੱਸ ਦਈਏ ਕਿ ਭਾਰਤ ਸਰਕਾਰ ਸਿਰਫ 4 ਜਥੇਬੰਦੀਆਂ ਨੂੰ ਪਾਕਿਸਤਾਨ 'ਚ ਜਥਾ ਲੈ ਕੇ ਜਾਣ ਦੀ ਇਜਾਜ਼ਤ ਦਿੱਤੀ ਗਈ ਹੈ। ਜਿਨ੍ਹਾਂ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਦਿੱਲੀ ਸਿੱਖ ਗੁਰੂਦੁਆਰਾ ਪ੍ਰਬੰਧਕ ਕਮੇਟੀ, ਹਰਿਆਣਾ ਕਮੇਟੀ ਅਤੇ ਡਿਸਟ੍ਰਿਕਟ ਗੁਰਦੁਆਰਾ ਪ੍ਰਬੰਧਕ ਕਮੇਟੀ ਜੰਮੂ ਸ਼ਾਮਲ ਹਨ। ਇਹ ਚਾਰ ਜਥੇਬੰਦੀਆਂ ਹੀ ਆਪਣੇ ਆਪੋ ਜਥੇ ਨੂੰ ਪਾਕਿਸਤਾਨ ਦੇ ਨਨਕਾਣਾ ਸਾਹਿਬ ਵਿਖੇ ਲੈ ਕੇ ਜਾ ਸਕਦੇ ਹਨ। ਉੱਥੇ ਹੀ ਦੂਜੇ ਪਾਸੇ ਭਾਈ ਮਰਦਾਨਾ ਯਾਦਗਾਰੀ ਕੀਰਤਨ ਸੋਸਾਇਟੀ, ਸ੍ਰੀ ਨਨਕਾਣਾ ਸਾਹਿਬ ਸਿੱਖ ਯਾਤਰੀ ਜੱਥਾ, ਸੀ ਸੁਖਮਨੀ ਸਾਹਿਬ ਸੋਸਾਇਟੀ ਮੰਡੀ ਡੱਬਵਾਲੀ, ਖਾਲੜਾ ਮਿਸ਼ਨ ਕਮੇਟੀ ਅਤੇ ਯੂਪੀ ਸਿੱਖ ਪ੍ਰਬੰਧਕ ਬੋਰਡ ਨੂੰ ਅਜੇ ਤੱਕ ਭਾਰਤ ਸਰਕਾਰ ਵੱਲੋਂ ਪਾਕਿਸਤਾਨ ਜਥਾ ਭੇਜਣ ਦੀ ਇਜਾਜ਼ਤ ਨਹੀਂ ਮਿਲੀ ਹੈ। ਦੱਸ ਦਈਏ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੂਰਬ ਮੌਕੇ ਹਰ ਸਾਲ 3000 ਸ਼ਰਧਾਲੂ ਪਾਕਿਸਤਾਨ ਲਈ ਰਵਾਨਾ ਹੁੰਦੇ ਹਨ।

## ਜੰਗਬੰਦੀ ਦੌਰਾਨ ਪਾਕਿਸਤਾਨ ਨੇ ਅਫਗਾਨਿਸਤਾਨ 'ਤੇ ਕੀਤੀ ਬੰਬਾਰੀ

# 3 ਕ੍ਰਿਕਟਰਾਂ ਸਮੇਤ 8 ਲੋਕਾਂ ਦੀ ਮੌਤ

**ਕਾਬੁਲ, 18 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਪਾਕਿਸਤਾਨ ਅਤੇ ਅਫਗਾਨਿਸਤਾਨ ਵਿਚਾਲੇ ਸਰਹੱਦ 'ਤੇ ਤਣਾਅ ਵੱਧ ਰਿਹਾ ਹੈ। ਦੋਵੇਂ ਦੇਸ਼ ਸ਼ੁੱਕਰਵਾਰ ਨੂੰ ਆਪਸੀ ਸਹਿਮਤੀ ਨਾਲ 48 ਘੰਟੇ ਦੀ ਜੰਗਬੰਦੀ ਵਧਾਉਣ 'ਤੇ ਸਹਿਮਤ ਹੋਏ ਸਨ ਪਰ ਕੁਝ ਘੰਟਿਆਂ ਬਾਅਦ ਹੀ ਤਾਲਿਬਾਨ ਨੇ ਪਾਕਿਸਤਾਨ 'ਤੇ ਅਫਗਾਨਿਸਤਾਨ ਦੇ ਪਕਤਿਕਾ ਸੂਬੇ ਵਿੱਚ ਹਵਾਈ ਹਮਲੇ ਕਰਨ ਦਾ ਆਰੋਪ ਲਗਾਇਆ। ਪਾਕਿਸਤਾਨ ਨੇ ਡੁਰੰਡ ਲਾਈਨ ਦੇ ਨਾਲ ਲੱਗਦੇ ਪਕਤਿਕਾ ਸੂਬੇ ਦੇ ਕਈ ਜ਼ਿਲ੍ਹਿਆਂ ਵਿੱਚ ਹਵਾਈ ਹਮਲੇ ਕੀਤੇ। ਜਿਸ ਵਿੱਚ ਤਿੰਨ ਕ੍ਰਿਕਟ ਖਿਡਾਰੀਆਂ ਸਮੇਤ ਅੱਠ ਲੋਕ ਮਾਰੇ ਗਏ। ਅਫਗਾਨਿਸਤਾਨ ਕ੍ਰਿਕਟ ਬੋਰਡ (ਏ.ਸੀ.ਬੀ.) ਨੇ ਇਸਦੀ ਪੁਸ਼ਟੀ ਕੀਤੀ। ਹਮਲੇ ਵਿੱਚ ਸੱਤ ਨਾਗਰਿਕ ਜ਼ਖਮੀ ਹੋਏ ਹਨ। ਇਸ ਘਟਨਾ ਦੇ ਜਵਾਬ ਵਿੱਚ ਏ.ਸੀ.ਬੀ. ਨੇ ਨਵੰਬਰ ਵਿੱਚ ਪਾਕਿਸਤਾਨ ਵਿੱਚ ਹੋਣ ਵਾਲੀ ਤਿਕੋਣੀ ਟੀ-20 ਲੜੀ ਤੋਂ ਪਿੱਛੇ ਹਟਣ ਦਾ ਐਲਾਨ ਕੀਤਾ। ਏ.ਸੀ.ਬੀ. ਨੇ ਕਿਹਾ ਕਿ ਇਹ ਕਦਮ ਮਾਰੇ ਗਏ ਕ੍ਰਿਕਟਰਾਂ ਦੇ ਸਨਮਾਨ ਵਿੱਚ ਚੁੱਕਿਆ ਗਿਆ ਹੈ। ਪਾਕਿਸਤਾਨ, ਅਫਗਾਨਿਸਤਾਨ ਅਤੇ ਸ਼੍ਰੀਲੰਕਾ ਦੀਆਂ ਟੀਮਾਂ ਨੇ ਟੂਰਨਾਮੈਂਟ ਵਿੱਚ ਹਿੱਸਾ ਲੈਣਾ ਸੀ। ਦੱਸ ਦੇਈਏ ਕਿ 8 ਅਕਤੂਬਰ ਨੂੰ ਸ਼ੁਰੂ ਹੋਏ ਟਕਰਾਅ ਤੋਂ ਬਾਅਦ ਦੋਵੇਂ ਦੇਸ਼ 15 ਅਕਤੂਬਰ ਦੀ ਸ਼ਾਮ ਨੂੰ 48 ਘੰਟੇ ਦੀ ਜੰਗਬੰਦੀ 'ਤੇ ਸਹਿਮਤ ਹੋਏ ਸਨ। ਜੰਗਬੰਦੀ 17 ਅਕਤੂਬਰ ਦੀ ਸ਼ਾਮ ਨੂੰ ਖਤਮ ਹੋਣ ਵਾਲੀ ਸੀ ਪਰ ਇਸ ਨੂੰ ਵਧਾਉਣ 'ਤੇ ਸਹਿਮਤ ਹੋਏ ਸਨ।




ਇਸ ਦੌਰਾਨ ਅਫਗਾਨਿਸਤਾਨ ਕ੍ਰਿਕਟ ਬੋਰਡ (ਏ.ਸੀ.ਬੀ.) ਆਪਣੇ ਖਿਡਾਰੀਆਂ, ਕਬੀਰ, ਸਿਬਘਾਤੁੱਲਾ ਅਤੇ ਹਾਰੂਨ ਦੀ ਮੌਤ ਤੋਂ ਦੁਖੀ ਹੈ। ਹਮਲੇ ਦੀ ਨਿੰਦਾ ਕਰਦੇ ਹੋਏ, ਏ.ਸੀ.ਬੀ. ਨੇ ਪਾਕਿਸਤਾਨ ਵਿੱਚ ਖੇਡੀ ਜਾਣ ਵਾਲੀ ਤਿਕੋਣੀ ਲੜੀ ਵਿੱਚ ਹਿੱਸਾ ਲੈਣ ਤੋਂ ਇਨਕਾਰ ਕਰ ਦਿੱਤਾ ਹੈ। ਇਹ ਲੜੀ 17 ਤੋਂ 29 ਨਵੰਬਰ ਦੇ ਵਿਚਕਾਰ ਪਾਕਿਸਤਾਨ, ਅਫਗਾਨਿਸਤਾਨ ਅਤੇ ਸ਼੍ਰੀਲੰਕਾ ਵਿਚਕਾਰ ਹੋਣੀ ਸੀ। ਅਫਗਾਨਿਸਤਾਨ ਦੇ ਕਪਤਾਨ ਰਾਸ਼ਿਦ ਖਾਨ ਨੇ ਵੀ ਪਾਕਿਸਤਾਨ ਸੁਪਰ ਲੀਗ ਤੋਂ ਹਟਣ ਦਾ ਫੈਸਲਾ ਕੀਤਾ ਹੈ। ਰਾਸ਼ਿਦ ਖਾਨ ਨੇ ਹਵਾਈ ਹਮਲੇ ਵਿੱਚ ਮਾਰੇ ਗਏ ਅਫਗਾਨ ਨਾਗਰਿਕਾਂ ਨੂੰ ਸ਼ਰਧਾਂਜਲੀ ਦਿੱਤੀ ਅਤੇ ਅਫਗਾਨਿਸਤਾਨ ਕ੍ਰਿਕਟ ਬੋਰਡ ਦੇ ਫੈਸਲੇ ਦਾ ਸਮਰਥਨ ਕੀਤਾ। ਰਾਸ਼ਿਦ ਨੇ ਲਿਖਿਆ ਕਿ ਉਹ ਇਸ ਸਮੇਂ ਆਪਣੇ ਦੇਸ਼ ਦੇ ਲੋਕਾਂ ਦੇ ਨਾਲ ਖੜ੍ਹਾ ਹੈ।

## ਨਕਲੀ ਅਧਿਕਾਰੀ ਬਣਨ ਵਾਲੇ ਦਾ ਪੁਲਸ ਵੱਲੋਂ ਐਨਕਾਊਂਟਰ

**ਅੰਮ੍ਰਿਤਸਰ, 18 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਅੰਮ੍ਰਿਤਸਰ ਦੇ ਰਣਜੀਤ ਐਵਨਿਊ ਇਲਾਕੇ 'ਚ ਪੁਲਸ ਅਤੇ ਮੁਲਜ਼ਮ ਵਿਚਾਲੇ ਜ਼ਬਰਦਸਤ ਮੁਠਭੇੜ ਹੋਈ, ਜਿਸ 'ਚ ਲੁੱਟ ਮਾਮਲੇ 'ਚ ਨਾਮਜ਼ਦ ਮੁਲਜ਼ਮ ਦੇ ਜ਼ਖ਼ਮੀ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਇਹ ਮੁਲਜ਼ਮ ਕੁਝ ਦਿਨ ਪਹਿਲਾਂ ਰਣਜੀਤ ਐਵਨਿਊ ਦੇ ਸੀ-ਬਲਾਕ ਵਿੱਚ ਇਕ ਘਰ ਵਿੱਚ "ਇਨਫੋਰਸਮੈਂਟ ਏਜੰਸੀ ਦੇ ਅਧਿਕਾਰੀ" ਬਣ ਕੇ 5-6 ਵਿਅਕਤੀਆਂ ਨੇ ਲੁੱਟ ਦੀ ਵਾਰਦਾਤ ਨੂੰ ਅੰਜਾਮ ਦੇ ਕੇ ਫਰਾਰ ਹੋ ਗਏ ਸੀ। ਦਰਅਸਲ ਇਹ ਐਨਕਾਊਂਟਰ ਸਮੇਂ ਹੋਇਆ ਜਦੋਂ ਮੁਲਜ਼ਮ ਵਿਕਰਮਜੀਤ ਉਰਫ਼ ਵਿਕਰਮ ਆਪਣੇ ਸਾਥੀਆਂ ਦੀ ਜਾਣਕਾਰੀ ਦੇਣ ਲਈ ਪੁਲਸ ਪਾਰਟੀ ਨੂੰ ਇਕ ਥਾਂ 'ਤੇ ਲੈ ਗਿਆ ਸੀ। ਇਸ ਦੌਰਾਨ ਵਿਕਰਮ ਨੇ ਮੌਕੇ ਦਾ ਫਾਇਦਾ ਚੁੱਕ ਕੇ ਗੋਲੀ ਚਲਾਈ ਜਿਸ ਦੇ ਜਵਾਬ 'ਚ ਪੁਲਸ ਨੇ ਵੀ ਗੋਲੀ ਚਲਾਈ, ਜਿਸ ਨਾਲ ਉਹ ਜ਼ਖ਼ਮੀ ਹੋ ਗਿਆ ਅਤੇ ਉਸਨੂੰ ਹਸਪਤਾਲ ਲਿਜਾਇਆ ਗਿਆ। ਪੁਲਸ ਕਮਿਸ਼ਨਰ ਭੁੱਲਰ ਨੇ ਦੱਸਿਆ ਕਿ ਮੁਲਜ਼ਮ 'ਤੇ ਪਹਿਲਾਂ ਤੋਂ ਹੀ ਕਈ ਗੰਭੀਰ ਮੁਕੱਦਮੇ ਦਰਜ ਸਨ, ਜਿਨ੍ਹਾਂ ਵਿੱਚ ਅਟੈਂਪਟ ਟੂ ਮਰਡਰ, ਆਰਮਜ਼ ਐਕਟ ਅਤੇ ਐਨਡੀਪੀਐਸ ਐਕਟ ਦੇ ਮਾਮਲੇ ਵੀ ਸ਼ਾਮਲ ਹਨ। ਪੁਲਸ ਨੇ ਵਿਕਰਮ ਦੇ ਤਿੰਨ ਸਾਥੀਆਂ ਮਨਦੀਪ, ਜਤਿੰਦਰ, ਸਿੰਨੂ ਅਤੇ ਹੋਰਾਂ ਦੀ ਪਛਾਣ ਕਰ ਲਈ ਹੈ ਅਤੇ ਉਨ੍ਹਾਂ ਦੀ ਗ੍ਰਿਫ਼ਤਾਰੀ ਲਈ ਸਪੈਸ਼ਲ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ। ਪੁਲਸ ਕਮਿਸ਼ਨਰ ਭੁੱਲਰ ਨੇ ਕਿਹਾ ਕਿ ਪੰਜਾਬ ਪੁਲਸ ਆਰਗਨਾਈਜ਼ਡ ਕਰਾਈਮ ਵਿਰੁੱਧ ਜ਼ੀਰੋ ਟੋਲਰੈਂਸ ਨੀਤੀ 'ਤੇ ਕੰਮ ਕਰ ਰਹੀ ਹੈ ਅਤੇ ਕੋਈ ਵੀ ਕ੍ਰਿਮੀਨਲ ਚਾਹੇ ਕਿਸੇ ਹੋਰ ਰਾਜ ਵਿੱਚ ਕਿਉਂ ਨਾ ਲੁਕਿਆ ਹੋਵੇ, ਉਸਨੂੰ ਕਾਨੂੰਨ ਦੇ ਘੇਰੇ ਵਿੱਚ ਲਿਆ ਜਾਵੇਗਾ। ਪੁਲਸ ਨੇ ਮੁਲਜ਼ਮਾਂ ਕੋਲੋਂ ਤਿੰਨ ਹਥਿਆਰ ਬਰਾਮਦ ਕੀਤੇ ਹਨ ਅਤੇ ਹੋਰ ਲੁੱਟ ਮਾਮਲਿਆਂ ਦੀ ਜਾਂਚ ਜਾਰੀ ਹੈ।



## ਕਿਸਾਨਾਂ 'ਤੇ ਦੋਸ਼ ਲਾਉਣ ਵਾਲੀ ਡੀਐਸਪੀ ਮਨਦੀਪ ਕੌਰ ਨਾਲ ਵਾਪਰਿਆ ਭਿਆਨਕ ਹਾਦਸਾ, ਲੱਗੀਆਂ ਗੰਭੀਰ ਸੱਟਾਂ

**ਪਟਿਆਲਾ, 18 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਨਾਭਾ ਦੇ ਡੀਐਸਪੀ ਮਨਦੀਪ ਕੌਰ ਦੀ ਗੱਡੀ ਦਾ ਪਟਿਆਲਾ-ਰਾਜਪੁਰਾ ਹਾਈਵੇਅ 'ਤੇ ਮੁਹਾਲੀ ਏਅਰਪੋਰਟ ਕੋਲ ਐਕਸੀਡੈਂਟ ਹੋ ਗਿਆ। ਹਾਦਸੇ ਵਿੱਚ ਡੀਐਸਪੀ ਮਨਦੀਪ ਕੌਰ ਦੇ ਵੀ ਸੱਟਾਂ ਲੱਗੀਆਂ ਅਤੇ ਉਨ੍ਹਾਂ ਦਾ ਗੰਨਮੈਨ ਵੀ ਜ਼ਖ਼ਮੀ ਹੋ ਗਿਆ। ਦੱਸਿਆ ਜਾ ਰਿਹਾ ਹੈ ਕਿ ਡੀਐਸਪੀ ਦੇ ਹੱਥ 'ਤੇ ਫ੍ਰੈਕਚਰ ਹੋ ਗਿਆ ਹੈ। ਜਾਣਕਾਰੀ ਮੁਤਾਬਕ, ਡੀਐਸਪੀ ਮਨਦੀਪ ਕੌਰ 31 ਅਕਤੂਬਰ ਨੂੰ ਗੁਜਰਾਤ ਦੇ ਏਕਤਾ ਦਿਵਸ ਦੀ ਪਰੇਡ 'ਚ ਸ਼ਾਮਿਲ ਹੋਣ ਲਈ ਰਵਾਨਾ ਹੋਣ ਵਾਲੀ ਸੀ। ਹਾਦਸੇ ਦੇ ਕਾਰਨ ਉਨ੍ਹਾਂ ਦੀ ਯਾਤਰਾ ਰੁਕੀ ਰਹੀ ਅਤੇ ਸੁਰੱਖਿਆ ਟੀਮ ਨੇ ਡੀਐਸਪੀ ਅਤੇ ਗੰਨਮੈਨ ਨੂੰ ਤੁਰੰਤ ਹਸਪਤਾਲ ਭੇਜਿਆ। ਜ਼ਿਕਰ ਕਰ ਦਈਏ ਕਿ ਇਹ ਉਹ ਡੀਐਸਪੀ ਮਨਦੀਪ ਕੌਰ ਹਨ, ਜਿਨ੍ਹਾਂ ਦੀ ਥੋੜੇ ਦਿਨ ਪਹਿਲਾਂ ਕਿਸਾਨਾਂ ਨਾਲ ਬਹਿਸ ਹੋਈ ਸੀ ਅਤੇ ਉਨ੍ਹਾਂ ਨੇ ਕਿਸਾਨਾਂ 'ਤੇ ਇਲਜ਼ਾਮ ਲਾਇਆ ਸੀ ਕਿ ਕਿਸਾਨਾਂ ਨੇ ਉਨ੍ਹਾਂ ਨਾਲ ਬਦਸਲੂਕੀ ਕੀਤੀ ਹੈ ਅਤੇ ਉਨ੍ਹਾਂ ਦੀ ਵਰਦੀ ਨੂੰ ਹੱਥ ਪਾਇਆ ਹੈ।



## ਮਜੀਠੀਆ ਨੂੰ ਅਦਾਲਤ ਤੋਂ ਨਹੀਂ ਮਿਲੀ ਰਾਹਤ, ਨਿਆਇਕ ਹਿਰਾਸਤ 'ਚ ਕੀਤਾ ਗਿਆ ਵਾਧਾ

**ਮੋਹਾਲੀ, 18 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਆਮਦਨ ਤੋਂ ਜ਼ਿਆਦਾ ਜਾਇਦਾਦ ਰੱਖਣ ਦੇ ਮਾਮਲੇ 'ਚ ਨਾਭਾ ਜੇਲ੍ਹ 'ਚ ਬੰਦ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਅਦਾਲਤ ਨੇ ਝਟਕਾ ਦਿੱਤਾ ਹੈ।

ਮਜੀਠੀਆ ਦੀ ਦੀਵਾਲੀ ਜੇਲ੍ਹ 'ਚ ਹੀ ਲੰਘੇਗੀ ਕਿਉਂਕਿ ਮੋਹਾਲੀ ਅਦਾਲਤ ਨੇ ਉਨ੍ਹਾਂ ਦੀ ਨਿਆਇਕ ਹਿਰਾਸਤ 1 ਨਵੰਬਰ ਤੱਕ ਵਧਾ ਦਿੱਤੀ ਹੈ। ਬਿਕਰਮ ਮਜੀਠੀਆ ਦੀ ਵੀਡੀਓ ਕਾਨਫਰੰਸਿਗ ਰਾਹੀਂ ਅਦਾਲਤ 'ਚ ਪੇਸ਼ੀ ਹੋਈ। ਇਸ ਦੌਰਾਨ ਅਦਾਲਤ ਵਲੋਂ ਉਨ੍ਹਾਂ ਦੀ ਨਿਆਇਕ ਹਿਰਾਸਤ 'ਚ ਵਾਧਾ ਕਰ ਦਿੱਤਾ ਗਿਆ। ਦੱਸ ਦਈਏ ਕਿ ਬਿਕਰਮ ਮਜੀਠੀਆ ਨੂੰ ਵਿਜੀਲੈਂਸ ਨੇ 25 ਜੂਨ ਨੂੰ ਉਨ੍ਹਾਂ ਦੇ ਅੰਮ੍ਰਿਤਸਰ ਸਥਿਤ ਘਰ ਤੋਂ ਗ੍ਰਿਫ਼ਤਾਰ ਕੀਤਾ ਸੀ। ਉਦੋਂ ਤੋਂ ਉਹ ਨਾਭਾ ਜੇਲ੍ਹ ਵਿੱਚ ਬੰਦ ਹਨ। ਮਜੀਠੀਆ ਦੇ ਖ਼ਿਲਾਫ਼ ਆਮਦਨ ਤੋਂ ਵੱਧ ਜਾਇਦਾਦ ਦਾ ਮਾਮਲਾ ਦਰਜ ਕੀਤਾ ਗਿਆ ਹੈ।

## ਪੰਜਾਬ ਡੀਆਈਜੀ ਨੇ ਇਨ੍ਹਾਂ ਥਾਵਾਂ 'ਤੇ ਲੁਕਾਇਆ ਨਕਦੀ ਅਤੇ ਸੋਨਾ, ਨਹੀਂ ਛੱਡਿਆ ਘਰ ਦਾ ਕੋਈ ਕੋਨਾ, ਸੋਫੇ ਤੋਂ ਲੈ ਕੇ ਕਰੌਕਰੀ ਦੀ ਅਲਮਾਰੀ 'ਚੋਂ ਬਰਾਮਦ

**ਚੰਡੀਗੜ੍ਹ, 18 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਪੁਲਿਸ ਦੇ ਡੀਆਈਜੀ ਹਰਚਰਨ ਸਿੰਘ ਭੁੱਲਰ ਨੇ ਚੰਡੀਗੜ੍ਹ ਸਥਿਤ ਕੋਠੀ ਵਿੱਚ 5 ਥਾਵਾਂ 'ਤੇ ਨਕਦੀ ਅਤੇ ਸੋਨਾ ਲੁਕਾਇਆ ਹੋਇਆ ਸੀ। ਸੀਬੀਆਈ ਦੀ ਛਾਪੇਮਾਰੀ ਟੀਮ ਨਾਲ ਜੁੜੇ ਸੂਤਰਾਂ ਤੋਂ ਪਤਾ ਚੱਲਦਾ ਹੈ ਕਿ ਡੀਆਈਜੀ ਨੇ ਬੈੱਡਰੂਮ ਵਿੱਚ ਇੱਕ ਸੇਟੀ (ਸੋਫੇ) ਦੇ ਅੰਦਰ ਇੱਕ ਡੱਬੇ ਵਿੱਚ ਨਕਦੀ ਰੱਖੀ ਸੀ। ਇੱਕ ਕਰੌਕਰੀ ਦੀ ਅਲਮਾਰੀ ਦੇ ਹੇਠਲੇ ਹਿੱਸੇ ਵਿੱਚ ਵੀ ਨਕਦੀ ਸੀ, ਜਿਸਨੂੰ ਤਾਲਾ ਲਗਾ ਕੇ ਕਰੌਕਰੀ ਨਾਲ ਢੱਕਿਆ ਹੋਇਆ ਸੀ। ਇਸਦੇ ਨਾਲ ਹੀ ਸੋਨਾ ਦੋ ਹੋਰ ਅਲਮਾਰੀਆਂ ਵਿੱਚ ਵੀ ਸਟੋਰ ਕੀਤਾ ਗਿਆ ਸੀ। ਜਾਂਚ ਟੀਮ ਦੇ ਸੂਤਰਾਂ ਅਨੁਸਾਰ, ਨਕਦੀ ਅਤੇ ਸੋਨਾ ਇਸ ਤਰ੍ਹਾਂ ਸਟੋਰ ਕੀਤਾ ਗਿਆ ਸੀ ਕਿ ਬਾਹਰੋਂ ਕੋਈ ਵੀ ਇਸ 'ਤੇ ਸ਼ੱਕ ਨਾ ਕਰੇ। ਡੀਆਈਜੀ ਭੁੱਲਰ ਦੀ ਮਹੀਨਾਵਾਰ ਤਨਖਾਹ, ਸਾਰੇ ਭੱਤਿਆਂ ਸਮੇਤ, 2.64 ਲੱਖ (ਲਗਭਗ £2.64 ਮਿਲੀਅਨ) ਸੀ, ਪਰ ਨਕਦੀ ਅਤੇ ਸੋਨੇ ਦੀ ਜ਼ਬਤ ਨੇ ਉਨ੍ਹਾਂ ਦੀ ਰਾਇਲਟੀ ਦਾ ਪਰਦਾਫਾਸ਼ ਕਰ ਦਿੱਤਾ ਹੈ। ਲੁਧਿਆਣਾ ਦੇ ਸਮਰਾਲਾ ਵਿੱਚ ਭੁੱਲਰ ਦੇ ਫਾਰਮ ਹਾਊਸ ਤੋਂ ਬਰਾਮਦ ਕੀਤੀਆਂ ਗਈਆਂ ਸ਼ਰਾਬ ਦੀਆਂ ਬੋਤਲਾਂ ਵਿੱਚੋਂ ਕਈ ?50,000 ਤੋਂ ਵੱਧ ਦੀਆਂ ਸਨ। ਧਿਆਨ ਦੇਣ ਯੋਗ ਹੈ ਕਿ ਡੀਆਈਜੀ ਭੁੱਲਰ ਅਤੇ ਕ੍ਰਿਸ਼ਨੂ ਨੂੰ ਸੀਬੀਆਈ ਨੇ ਵੀਰਵਾਰ (16 ਅਕਤੂਬਰ) ਨੂੰ ਗ੍ਰਿਫ਼ਤਾਰ ਕੀਤਾ ਸੀ। ਕ੍ਰਿਸ਼ਨੂ ਨੂੰ ਪਹਿਲਾਂ ਸੈਕਟਰ 21 ਵਿੱਚ ਮੰਡੀ ਗੋਬਿੰਦਗੜ੍ਹ ਦੇ ਕਬਾੜ ਡੀਲਰ ਆਕਾਸ਼ ਬੱਟਾ ਤੋਂ 8 ਲੱਖ ਰੁਪਏ ਦੀ ਰਿਸ਼ਵਤ ਲੈਂਦੇ ਹੋਏ ਫੜਿਆ ਗਿਆ ਸੀ। ਫਿਰ ਸੀਬੀਆਈ ਨੇ ਡੀਆਈਜੀ ਨੂੰ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ। ਸ਼ੁੱਕਰਵਾਰ ਨੂੰ, ਡੀਆਈਜੀ ਅਤੇ ਉਸਦੇ ਸਾਥੀ, ਕ੍ਰਿਸ਼ਨੂ ਨੂੰ ਚੰਡੀਗੜ੍ਹ ਦੀ ਇੱਕ ਵਿਸ਼ੇਸ਼ ਸੀਬੀਆਈ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਇੱਥੋਂ ਉਨ੍ਹਾਂ ਨੂੰ 14 ਦਿਨਾਂ ਲਈ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ। ਸੀਬੀਆਈ ਛਾਪਾਮਾਰੀ ਟੀਮ ਨਾਲ ਜੁੜੇ ਸੂਤਰਾਂ ਦੇ ਅਨੁਸਾਰ, ਸੀਬੀਆਈ ਨੇ ਭੁੱਲਰ ਦੇ ਸੈਕਟਰ 40 ਸਥਿਤ ਘਰ ਤੋਂ 7.5 ਕਰੋੜ ਰੁਪਏ ਦੀ ਨਕਦੀ ਬਰਾਮਦ ਕੀਤੀ। ਮੇਜ਼ 500 ਰੁਪਏ ਦੇ ਨੋਟਾਂ ਦੇ ਬੰਡਲ ਰੱਖਣ ਲਈ ਬਹੁਤ ਛੋਟੇ ਸਨ। ਫਿਰ ਫਰਸ਼ 'ਤੇ ਵਿਛਾਈਆਂ ਮੈਟਾਂ ਦੀ ਵਰਤੋਂ ਕਰਕੇ ਨੋਟਾਂ ਦੀ ਗਿਣਤੀ ਕੀਤੀ ਗਈ। ਇੰਨਾ ਹੀ ਨਹੀਂ, ਨੋਟਾਂ ਦੀ ਗਿਣਤੀ ਕਰਨ ਲਈ ਤਿੰਨ ਮਸ਼ੀਨਾਂ ਲਿਆਉਣੀਆਂ ਪਈਆਂ। ਸੀਬੀਆਈ ਛਾਪਾਮਾਰੀ ਟੀਮ ਨਾਲ ਜੁੜੇ ਸੂਤਰਾਂ ਦੇ ਅਨੁਸਾਰ, ਭੁੱਲਰ ਨੇ ਕਈ ਏਕੜ ਜ਼ਮੀਨ ਇਕੱਠੀ ਕੀਤੀ ਹੈ। ਉਸਦੇ ਘਰੋਂ 7.5 ਕਰੋੜ ਰੁਪਏ ਨਕਦ, 2.5 ਕਿਲੋ ਸੋਨਾ, ਬੇਸ਼ਕੀਮਤੀ ਰੋਲੈਕਸ ਅਤੇ ਰਾਡੋ ਘੜੀਆਂ, 50 ਜਾਇਦਾਦ ਦੇ ਦਸਤਾਵੇਜ਼ ਅਤੇ ਬੈਂਕ ਲਾਕਰ ਦੀਆਂ ਚਾਬੀਆਂ ਬਰਾਮਦ ਕੀਤੀਆਂ ਗਈਆਂ ਹਨ। ਉਸਦੇ ਘਰੋਂ ਬਰਾਮਦ ਕੀਤੀਆਂ ਗਈਆਂ ਘੜੀਆਂ ਵਿੱਚੋਂ ਇੱਕ ਦੀ ਸ਼ੁਰੂਆਤੀ ਕੀਮਤ 2,000,00 ਤੋਂ 5,000,00 ਲੱਖ ਰੁਪਏ ਤੱਕ ਹੈ। ਭੁੱਲਰ ਮਹਿੰਗੀ ਸ਼ਰਾਬ ਦਾ ਸ਼ੌਕੀਨ ਸੀ। ਲੁਧਿਆਣਾ ਦੇ ਸਮਰਾਲਾ ਸਥਿਤ ਉਸਦੇ ਫਾਰਮ ਹਾਊਸ ਤੋਂ ਮਹਿੰਗੀ ਸ਼ਰਾਬ ਦਾ ਭੰਡਾਰ ਮਿਲਿਆ। ਸੀਬੀਆਈ ਨੇ 108 ਬੋਤਲਾਂ ਸ਼ਰਾਬ ਬਰਾਮਦ ਕੀਤੀਆਂ, ਜਿਨ੍ਹਾਂ ਵਿੱਚੋਂ ਇੱਕ ਦੀ ਕੀਮਤ 50,000 ਰੁਪਏ ਤੋਂ ਵੱਧ ਸੀ। ਇਸ ਦੇ ਨਾਲ ਹੀ ਘਰੋਂ ਲਗਭਗ 2.5 ਕਿਲੋ ਸੋਨਾ ਵੀ ਬਰਾਮਦ ਕੀਤਾ ਗਿਆ। ਚੰਡੀਗੜ੍ਹ ਸੀਬੀਆਈ ਅਦਾਲਤ ਵਿੱਚ ਪੇਸ਼ ਹੋ ਕੇ ਡੀਆਈਜੀ ਨੇ ਕਿਹਾ ਕਿ ਸਾਰੇ ਦੋਸ਼ ਝੂਠੇ ਸਨ ਅਤੇ ਉਹ ਉਨ੍ਹਾਂ ਨੂੰ ਅਦਾਲਤ ਵਿੱਚ ਸਾਬਤ ਕਰਨਗੇ। ਅਦਾਲਤ ਇਨਸਾਫ਼ ਦੇਵੇਗੀ। ਉਹ ਹਰ ਚੀਜ਼ ਦਾ ਜਵਾਬ ਦੇਣਗੇ। ਮੇਰੇ ਕੋਲ ਉਹ ਕੇਸ ਹੀ ਨਹੀਂ ਸੀ। ਮੈਂ ਕੌਣ ਹੁੰਦਾ ਹਾਂ ਮੰਗਣ ਵਾਲਾ?



## ਲੁਧਿਆਣਾ ਤੋਂ ਦਿੱਲੀ ਜਾ ਰਹੀ ਗਰੀਬ ਰਥ ਟ੍ਰੇਨ 'ਚ ਸ਼ਾਰਟ ਸਰਕਟ ਕਾਰਨ ਲੱਗੀ ਅੱਗ, ਸਰਹੰਦ ਦੇ ਨਜ਼ਦੀਕ ਵਾਪਰੀ ਘਟਨਾ



**ਲੁਧਿਆਣਾ, 18 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਲੁਧਿਆਣਾ ਤੋਂ ਦਿੱਲੀ ਜਾ ਰਹੀ ਗਰੀਬ ਰਥ ਟ੍ਰੇਨ 'ਚ ਸ਼ਨੀਵਾਰ ਸਵੇਰੇ ਸਰਹੰਦ ਤੋਂ ਅੱਗੇ ਸਾਧੂਗੜ੍ਹ ਨਜ਼ਦੀਕ ਅੱਗ ਲੱਗ ਗਈ ਹੈ। ਸ਼ੁਰੂਆਤੀ ਜਾਣਕਾਰੀ ਅਨੁਸਾਰ ਕੋਚ ਨੰਬਰ 19 ਵਿੱਚ ਸ਼ਾਰਟ ਸਰਕਟ ਕਾਰਨ ਅੱਗ ਲੱਗ ਗਈ। ਲੁਧਿਆਣਾ ਦੇ ਕਈ ਕਾਰੋਬਾਰੀ ਟ੍ਰੇਨ ਵਿੱਚ ਯਾਤਰਾ ਕਰ ਰਹੇ ਸਨ। ਅੱਗ ਲੱਗਣ ਕਾਰਨ ਇੱਕ ਔਰਤ ਬੁਰੀ ਤਰ੍ਹਾਂ ਝੁਲਸ ਗਈ ਹੈ। ਔਰਤ ਨੂੰ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਇਸ ਹਾਦਸੇ ਵਿੱਚ ਕੁਝ ਲੋਕਾਂ ਨੂੰ ਮਾਮੂਲੀ ਸੱਟਾਂ ਲੱਗੀਆਂ। ਲੋਕੋ ਪਾਇਲਟ ਨੇ ਤੁਰੰਤ ਐਮਰਜੈਂਸੀ ਬ੍ਰੇਕ ਲਗਾ ਕੇ ਟ੍ਰੇਨ ਨੂੰ ਰੋਕ ਦਿੱਤਾ। ਜਿਵੇਂ ਹੀ ਟ੍ਰੇਨ ਰੁਕੀ, ਯਾਤਰੀ ਤੁਰੰਤ ਆਪਣੇ ਸਮਾਨ ਸਮੇਤ ਟ੍ਰੇਨ ਤੋਂ ਉਤਰ ਗਏ। ਹਫੜਾ-ਦਫੜੀ ਵਿੱਚ ਉਤਰਦੇ ਹੋਏ ਕਈ ਯਾਤਰੀ ਜ਼ਖਮੀ ਹੋ ਗਏ। ਸੂਚਨਾ ਮਿਲਦੇ ਹੀ ਰੇਲਵੇ ਟੀਮਾਂ ਤੁਰੰਤ ਮੌਕੇ 'ਤੇ ਪਹੁੰਚੀਆਂ ਅਤੇ ਅੱਗ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ। ਸਥਾਨਕ ਪੁਲਿਸ ਸਟੇਸ਼ਨ ਦੇ ਕਰਮਚਾਰੀ ਵੀ ਪਹੁੰਚ ਗਏ। ਰੇਲਵੇ ਕਰਮਚਾਰੀਆਂ ਨੇ ਤੁਰੰਤ ਸਥਿਤੀ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਅਤੇ ਅੱਗ 'ਤੇ ਕਾਬੂ ਪਾਉਣ ਲਈ ਰਾਹਤ ਕਾਰਜ ਸ਼ੁਰੂ ਕਰ ਦਿੱਤੇ। ਸੂਚਨਾ ਮਿਲਣ 'ਤੇ ਪੁਲਿਸ ਟੀਮਾਂ ਵੀ ਮੌਕੇ 'ਤੇ ਪਹੁੰਚੀਆਂ। ਹਾਲਾਂਕਿ, ਇੱਕ ਘੰਟੇ ਦੀ ਕੋਸ਼ਿਸ਼ ਤੋਂ ਬਾਅਦ ਅੱਗ 'ਤੇ ਕਾਬੂ ਪਾ ਲਿਆ ਗਿਆ। ਸਰਹਿੰਦ ਜੀਆਰਪੀਦੇ ਐਸਐਚਓ ਰਤਨ ਲਾਲ ਨੇ ਦੱਸਿਆ ਕੀ ਜਿਵੇਂ ਹੀ ਗੱਡੀ ਦੀ ਬੋਗੀ ਵਿਚੋਂ ਧੂਆ ਨਿਕਲਦਾ ਵੇਖਿਆ ਤਾਂ ਗੱਡੀ ਨੂੰ ਰੋਕ ਦਿੱਤਾ ਗਿਆ ਅਤੇ ਇਸ ਦੌਰਾਨ ਕੋਈ ਜਾਣੀ ਨੁਕਸਾਨ ਨਹੀਂ ਹੋਇਆ ਸਵਾਰਿਆ ਨੂੰ ਸਮੇਂ ਰਹਿੰਦੇ ਬਾਹਰ ਕੱਢ ਲਿਆ ਗਿਆ। ਅੱਗ ਕਾਰਨ ਤਿੰਨ ਡੱਬਿਆਂ ਨੂੰ ਨੁਕਸਾਨ ਹੋਇਆ ਹੈ। ਅੱਗ ਦੇ ਕਾਰਨ ਜਾਂਚ ਕਰਨ ਤੋਂ ਬਾਅਦ ਸਾਹਮਣੇ ਆਉਣਗੇ।

## ਸ਼੍ਰੀ ਤਰਨ ਤਾਰਨ ਜ਼ਿਮਨੀ ਚੋਣ 2025

# ਪੰਥਕ ਹਲਕੇ ਦੇ ਵੋਟਰਾਂ ਨੂੰ ਅਪੀਲ

ਇੰਟਰਨੈਸ਼ਨਲ ਪੰਥਕ ਦਲ

## ਪਾਰਟੀਬਾਜੀ ਤੋਂ ਉੱਪਰ ਉੱਠ ਕੇ ਪੰਥਕ ਉਮੀਦਵਾਰ ਭਾਈ ਮਨਦੀਪ ਸਿੰਘ ਨੂੰ ਹੀ ਵੋਟ ਪਾਉਣ : ਇੰਟਰਨੈਸ਼ਨਲ ਪੰਥਕ ਦਲ



ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ
(ਬਾਨੀ ਇੰਟਰਨੈਸ਼ਨਲ ਪੰਥਕ ਦਲ)
ਅਤੇ ਸਾਬਕਾ ਜਥੇਦਾਰ, ਸ਼੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ



ਭਾਈ ਪਰਮਜੀਤ ਸਿੰਘ ਢਾਡੀ
ਅੰਤਰਰਾਸ਼ਟਰੀ ਚੀਫ ਆਰਗੇਨਾਈਜ਼ਰ
ਇੰਟਰਨੈਸ਼ਨਲ ਪੰਥਕ ਦਲ



ਭਾਈ ਰਘਵੀਰ ਸਿੰਘ
ਪ੍ਰਧਾਨ
ਇੰਟਰਨੈਸ਼ਨਲ ਪੰਥਕ ਦਲ ਯੂ.ਕੇ.



ਭਾਈ ਕਪਤਾਨ ਸਿੰਘ
ਜਰਨਲ ਸਕੱਤਰ ਤੇ ਮੁੱਖ ਬੁਲਾਰਾ
ਇੰਟਰਨੈਸ਼ਨਲ ਪੰਥਕ ਦਲ ਯੂ.ਕੇ.

**ਲਵਰਹੈਪਟਨ (ਇੰਗਲੈਂਡ)** — ਸ਼੍ਰੀ ਤਰਨ ਤਾਰਨ ਸਾਹਿਬ – ਪੰਥਕ ਏਕਤਾ ਅਤੇ ਖਾਲਸਾ ਮਰਿਆਦਾ ਦੇ ਸੁਨੇਹੇ ਨਾਲ ਜੁੜੇ ਇੰਟਰਨੈਸ਼ਨਲ ਪੰਥਕ ਦਲ ਵੱਲੋਂ ਸ਼੍ਰੀ ਤਰਨ ਤਾਰਨ ਸਾਹਿਬ ਹਲਕੇ ਵਿੱਚ ਹੋ ਰਹੀ ਜ਼ਿਮਨੀ ਚੋਣ ਸਬੰਧੀ ਇੱਕ ਮਹੱਤਵਪੂਰਨ ਬਿਆਨ ਜਾਰੀ ਕੀਤਾ ਗਿਆ ਹੈ। ਦਲ ਨੇ ਪੰਥਕ ਹਲਕੇ ਦੇ ਸੂਝਵਾਨ ਅਤੇ ਜਾਗਰੂਕ ਵੋਟਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਪਾਰਟੀਬਾਜੀ, ਵਿਅਕਤੀਗਤ ਰੁਝਾਨਾਂ ਅਤੇ ਰਾਜਨੀਤਿਕ ਸਵਾਰਥਾਂ ਤੋਂ ਉੱਪਰ ਉੱਠ ਕੇ ਆਪਣੀ ਵੋਟ ਕੇਵਲ ਪੰਥਕ ਉਮੀਦਵਾਰ ਭਾਈ ਮਨਦੀਪ ਸਿੰਘ ਨੂੰ ਹੀ ਪਾਉਣ। ਇਹ ਸਾਂਝਾ ਬਿਆਨ ਭਾਈ ਪਰਮਜੀਤ ਸਿੰਘ ਢਾਡੀ, ਅੰਤਰਰਾਸ਼ਟਰੀ ਚੀਫ ਆਰਗੇਨਾਈਜ਼ਰ ਇੰਟਰਨੈਸ਼ਨਲ ਪੰਥਕ ਦਲ, ਭਾਈ ਰਘਵੀਰ ਸਿੰਘ, ਪ੍ਰਧਾਨ ਇੰਟਰਨੈਸ਼ਨਲ ਪੰਥਕ ਦਲ ਯੂ.ਕੇ., ਅਤੇ ਭਾਈ ਕਪਤਾਨ ਸਿੰਘ, ਜਰਨਲ ਸਕੱਤਰ ਤੇ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ ਯੂ.ਕੇ. ਵੱਲੋਂ ਸਾਂਝੇ ਤੌਰ 'ਤੇ ਜਾਰੀ ਕੀਤਾ ਗਿਆ।

**ਵਾਰਿਸ ਪੰਜਾਬ ਅਕਾਲੀ ਦਲ ਦਾ ਪੰਥਕ ਉਮੀਦਵਾਰ** : ਇੰਟਰਨੈਸ਼ਨਲ ਪੰਥਕ ਦਲ ਦੇ ਆਗੂਆਂ ਨੇ ਦੱਸਿਆ ਕਿ ਵਾਰਿਸ ਪੰਜਾਬ ਅਕਾਲੀ ਦਲ ਨੇ ਸ਼੍ਰੀ ਤਰਨ ਤਾਰਨ ਹਲਕੇ ਤੋਂ ਹੋ ਰਹੀ ਜ਼ਿਮਨੀ ਚੋਣ ਵਿੱਚ ਆਪਣੇ ਉਮੀਦਵਾਰ ਵਜੋਂ ਭਾਈ ਸੰਦੀਪ ਸਿੰਘ ਸੱਨੀ ਦੇ ਭਰਾ ਭਾਈ ਮਨਦੀਪ ਸਿੰਘ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਹੈ। ਭਾਈ ਸੰਦੀਪ ਸਿੰਘ ਸੱਨੀ ਇਸ ਸਮੇਂ ਜੇਲ੍ਹ ਵਿੱਚ ਬੰਦ ਹਨ ਅਤੇ ਉਹਨਾਂ ਦਾ ਪੰਥਕ ਤੇ ਜਨਤਕ ਯੋਗਦਾਨ ਕਾਫ਼ੀ ਮਹੱਤਵਪੂਰਨ ਰਿਹਾ ਹੈ। ਉਨ੍ਹਾਂ ਦੀ ਗੈਰਹਾਜ਼ਰੀ ਵਿੱਚ, ਉਨ੍ਹਾਂ ਦੇ ਭਰਾ ਭਾਈ ਮਨਦੀਪ ਸਿੰਘ ਨੇ ਪੰਥਕ ਸਿਧਾਂਤਾਂ ਦੀ ਰੱਖਿਆ ਅਤੇ ਲੋਕ ਸੇਵਾ ਨੂੰ ਅਗੇ ਵਧਾਉਣ ਦਾ ਸੰਕਲਪ ਲਿਆ ਹੈ। ਪੰਥਕ ਦਲ ਦੇ ਆਗੂਆਂ ਨੇ ਕਿਹਾ ਕਿ ਭਾਈ ਮਨਦੀਪ ਸਿੰਘ ਇੱਕ ਸਿੱਖ ਅਦਰਸ਼ਾਂ, ਸੱਚਾਈ ਅਤੇ ਸੇਵਾ ਦੇ ਪੱਖਦਾਰ ਉਮੀਦਵਾਰ ਹਨ, ਜਿਨ੍ਹਾਂ ਨੇ ਹਮੇਸ਼ਾਂ ਗੁਰੂ ਘਰਾਂ, ਸੰਗਤਾਂ ਅਤੇ ਪੰਥਕ ਮੁਹਿੰਮਾਂ ਵਿੱਚ ਭਾਗ ਲਿਆ ਹੈ।

**ਪੰਥਕ ਏਕਤਾ ਦੀ ਲੋੜ** : ਭਾਈ ਪਰਮਜੀਤ ਸਿੰਘ ਢਾਡੀ, ਭਾਈ ਰਘਵੀਰ ਸਿੰਘ ਅਤੇ ਭਾਈ ਕਪਤਾਨ ਸਿੰਘ ਨੇ ਕਿਹਾ ਕਿ ਮੌਜੂਦਾ ਸਮੇਂ ਵਿੱਚ ਪੰਥ ਅਨੇਕਾਂ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਉਹਨਾਂ ਕਿਹਾ – "ਇਹ ਚੋਣ ਸਿਰਫ਼ ਇੱਕ ਵਿਧਾਨ ਸਭਾ ਸੀਟ ਦੀ ਨਹੀਂ, ਸਗੋਂ ਪੰਥਕ ਸੋਚ ਅਤੇ ਗੁਰੂ ਸਿੱਖੀ ਅਦਰਸ਼ਾਂ ਦੀ ਜਿੱਤ ਦੀ ਚੋਣ ਹੈ। ਅਸੀਂ ਸਾਰਿਆਂ ਨੂੰ ਇਹ ਸੂਝਬੂਝ ਨਾਲ ਫੈਸਲਾ ਕਰਨਾ ਚਾਹੀਦਾ ਹੈ ਕਿ ਕਿਹੜਾ ਉਮੀਦਵਾਰ ਗੁਰੂ ਸਾਹਿਬ ਦੀ ਰਹਿਤ ਤੇ ਪੰਥ ਦੀ ਆਬਰੂ ਨੂੰ ਕਾਇਮ ਰੱਖ ਸਕਦਾ ਹੈ।" ਉਹਨਾਂ ਹੋਰ ਕਿਹਾ ਕਿ ਪੰਥਕ ਧਿਰਾਂ, ਸਮਾਜਕ ਜਥੇਬੰਦੀਆਂ ਤੇ ਗੁਰਮਤਿ ਪ੍ਰੇਮੀ ਸੰਗਤਾਂ ਵੱਲੋਂ ਵੀ ਭਾਈ ਮਨਦੀਪ ਸਿੰਘ ਦੀ ਖੁੱਲ੍ਹੀ ਹਮਾਇਤ ਕੀਤੀ ਜਾ ਰਹੀ ਹੈ, ਜੋ ਪੰਥਕ ਏਕਤਾ ਦਾ ਸਪਸ਼ਟ ਪ੍ਰਤੀਕ ਹੈ।

**ਸ਼੍ਰੀ ਤਰਨ ਤਾਰਨ ਸਾਹਿਬ ਦੀ ਧਰਤੀ ਦਾ ਮਹੱਤਵ** : ਆਗੂਆਂ ਨੇ ਕਿਹਾ ਕਿ ਤਰਨ ਤਾਰਨ ਸਾਹਿਬ ਦੀ ਧਰਤੀ ਗੁਰੂ ਸਾਹਿਬਾਨ ਅਤੇ ਸ਼ਹੀਦਾਂ ਦੀ ਚਰਨ ਛੋਹ ਧਰਤੀ ਹੈ, ਜੋ ਖਾਲਸਾ ਰਾਜ ਦੇ ਸਮੇਂ ਸਿੱਖ ਰਾਜਧਾਨੀ ਦਾ ਮਾਣ ਰੱਖਦੀ ਆਈ ਹੈ। ਇਸ ਲਈ ਮਾਝੇ ਦੇ ਸੂਝਵਾਨ ਸਿੱਖਾਂ ਨੂੰ ਚਾਹੀਦਾ ਹੈ ਕਿ ਉਹ ਇਸ ਧਰਤੀ ਦੀ ਰਵਾਇਤ ਨੂੰ ਜ਼ਿੰਦਾ ਰੱਖਦਿਆਂ ਪੰਥਕ ਝੰਡੇ ਹੇਠ ਇਕੱਠੇ ਹੋਣ। ਉਹਨਾਂ ਕਿਹਾ ਕਿ ਇਹ ਚੋਣ ਸਿਰਫ਼ ਰਾਜਨੀਤਿਕ ਨਹੀਂ, ਸਗੋਂ ਪੰਥਕ ਆਤਮਗੌਰਵ ਦੀ ਪ੍ਰਤੀਕ ਚੋਣ ਹੈ। ਜੇ ਮਾਝੇ ਦੇ ਸਿੱਖ ਇਕਜੁੱਟ ਹੋ ਕੇ ਭਾਈ ਮਨਦੀਪ ਸਿੰਘ ਨੂੰ ਵੱਡੀ ਲੀਡ ਨਾਲ ਕਾਮਯਾਬ ਕਰਾਉਂਦੇ ਹਨ, ਤਾਂ ਇਹ 2027 ਲਈ ਇੱਕ ਮਜ਼ਬੂਤ ਪੰਥਕ ਆਵਾਜ਼ ਦੀ ਸ਼ੁਰੂਆਤ ਹੋਵੇਗੀ।

**ਪੰਥਕ ਦਲ ਦੀ ਅਪੀਲ** : ਇੰਟਰਨੈਸ਼ਨਲ ਪੰਥਕ ਦਲ ਨੇ ਸਾਰਿਆਂ ਪੰਥਕ ਵੋਟਰਾਂ ਨੂੰ ਸਾਂਝੀ ਅਪੀਲ ਕੀਤੀ – **"ਆਉ ਜੀ, 11 ਨਵੰਬਰ ਨੂੰ ਸ਼੍ਰੀ ਤਰਨ ਤਾਰਨ ਸਾਹਿਬ ਦੀ ਧਰਤੀ ਤੋਂ ਪੰਥਕ ਜਿੱਤ ਦਾ ਨਾਅਰਾ ਲਗਾਈਏ। ਆਪਣੇ ਗੁਰੂ ਦੀ ਰਹਿਤ, ਆਪਣੇ ਸ਼ਹੀਦਾਂ ਦੀ ਕੁਰਬਾਨੀ ਅਤੇ ਆਪਣੀ ਧਰਤੀ ਦੇ ਮਾਣ ਲਈ ਭਾਈ ਮਨਦੀਪ ਸਿੰਘ ਨੂੰ ਜਿੱਤਾਂ ਕੇ 2027 ਦਾ ਰਾਹ ਪੱਧਰਾ ਕਰੀਏ।"**

**ਚੋਣ ਮਿਤੀ:**
**11 ਨਵੰਬਰ 2025**
**ਹਲਕਾ: ਸ਼੍ਰੀ ਤਰਨ ਤਾਰਨ ਸਾਹਿਬ**
**ਉਮੀਦਵਾਰ: ਭਾਈ ਮਨਦੀਪ ਸਿੰਘ**
**(ਵਾਰਿਸ ਪੰਜਾਬ ਅਕਾਲੀ ਦਲ)**



ਭਾਈ ਮਨਦੀਪ ਸਿੰਘ (ਭਰਾਤਾ ਭਾਈ ਸੰਦੀਪ ਸਿੰਘ ਸੱਨੀ)
ਉਮੀਦਵਾਰ, ਵਿਧਾਨ ਸਭਾ ਹਲਕਾ ਤਰਨ-ਤਾਰਨ

ਆਵਾਜ਼ਿ ਕੌਮ AWAZE QAUM
International Newspaper & WEB TV

--✶ ਜਾਰੀ ਕਰਤਾ ✶--

## ਇੰਟਰਨੈਸ਼ਨਲ ਪੰਥਕ ਦਲ

ਭਾਈ ਪਰਮਜੀਤ ਸਿੰਘ ਢਾਡੀ — ਅੰਤਰਰਾਸ਼ਟਰੀ ਚੀਫ ਆਰਗੇਨਾਈਜ਼ਰ
ਭਾਈ ਰਘਵੀਰ ਸਿੰਘ — ਪ੍ਰਧਾਨ, ਇੰਟਰਨੈਸ਼ਨਲ ਪੰਥਕ ਦਲ ਯੂ.ਕੇ.
ਭਾਈ ਕਪਤਾਨ ਸਿੰਘ — ਜਰਨਲ ਸਕੱਤਰ ਤੇ ਮੁੱਖ ਬੁਲਾਰਾ, ਯੂ.ਕੇ.







ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7l
Contact :
+447458381111
+447976210161
+919729091243



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। **-ਸੰਪਾਦਕ**




# ਸਾਂਝਾ ਪੰਜਾਬ

## VEG & NON-VEG INDIAN

WE CATER FOR
★★★★★






SANJHA PUNJAB

VEG & NON-VEG INDIAN

TAKE AWAY MENU

0116 291 1565

075 9999 5787

47 BELGRAVE ROAD
LEICESTER LE4 6AR

visit us : www.sanjhapunjab.co.uk
email: sanjha47@hotmail.com

SANJHA PUNJAB

VEG & NON-VEG INDIAN

0116 291 1565

visit us : www.sanjhapunjab.co.uk
email: sanjha47@hotmail.com

ALLERGY ADVICE !!

Please ask a member of staff if you have any food intolerance or allergies.


ਆਵਾਜ਼ਿ ਕੌਮ
AWAZE QAUM
International Newspaper & WEB TV

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



## 350 ਸਾਲਾਂ ਸ਼ਤਾਬਦੀ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਦਿਨ ਐਤਵਾਰ 19 ਅਕਤੂਬਰ 2025

ਸ਼ਹੀਦੀ ਦਿਹਾੜਾ ਧੰਨ ਧੰਨ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸਮਰਪਿਤ ਗੁਰਮਿਤ ਸਮਾਗਮ ਕਰਵਾਏ ਜਾ ਰਹੇ ਹਨ

ਨਗਰ ਕੀਰਤਨ ਦੀ ਆਰੰਭਤਾ ਸਮਾਂ 12:00 ਤੋਂ ਸ਼ਾਮ 5 ਵਜੇ ਪਿੰਡ ਕਾਜ਼ਲਮੋਰਾਨੋ ਵਿਚ ਹੀ ਸਮਾਪਤੀ ਹੋਵੇਗੀ।

ਸ਼ਨਿੱਚਰਵਾਰ 18 ਅਕਤੂਬਰ ਸ਼ਾਮ 5 ਤੋਂ 8 ਵਜ਼ੇ ਤੱਕ ਦੀਵਾਨ ਸਜਣਗੇ।

ਐਤਵਾਰ 19 ਅਕਤੂਬਰ 2025 ਨੂੰ 6:30 ਵਜੇ ਸਵੇਰੇ ਚੌਪੈਹਿਰੇ ਸਾਹਿਬ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 10:00 ਵਜੇ ਭੋਗ ਪੈਣਗੇ ਉਪਰੰਤ 12:00 ਵਜੇ ਤੱਕ ਦੀਵਾਨ ਸਜਣਗੇ।

ਕੀਰਤਨੀ ਜਥਾ ਰਾਗੀ ਭਾਈ ਗੁਰਸ਼ਰਨ ਸਿੰਘ ਜੀ ਯੂ ਕੇ ਵਾਲੇ , ਕਥਾ ਵਾਚਕ , ਕਵੀਸ਼ਰੀ ਜਥਾ ਵਾਰਾਂ ਰਾਹੀਂ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਨਾਲ ਸਿੱਖ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ।
☛ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।


**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap
26020Casalmorano Cremona (IT)


E-mail : gur.damdamitaksaalitaly@gmail.com

Call+393475711755 / 3208124778

## ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥







**ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ, ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ, ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਗੁਰਤਗੱਦੀ ਦਿਵਸ, ਮਾਤਾ ਸਾਹਿਬ ਕੌਰ ਜੀ ਦਾ ਜਨਮ ਦਿਹਾੜਾ, ਭਾਈ ਮਤੀ ਦਾਸ, ਭਾਈ ਸਤੀ ਰਾਮ, ਭਾਈ ਦਿਆਲ ਦਾਸ, ਭਾਈ ਜੈਤਾ ਅਤੇ ਭਾਈ ਲੱਖੀ ਸ਼ਾਹ ਬਨਜਾਰਾ ਨੂੰ ਸਮਰਪਿਤ**



# 29ਵਾਂ ਸਲਾਨਾ ਗੁਰਮਤਿ ਸਮਾਗਮ



ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

**ਗੁਰਦੁਆਰਾ ਸ਼ਹੀਦਾਂ, ਪਿੰਡ ਜੱਸੋਵਾਲ (ਬੀਹੜਾਂ) ਬੱਬਰਾਂ ਦੇ ਹਾਈ ਕੋਰਟ**

20 ਅਕਤੂਬਰ ਦਿਨ ਸੋਮਵਾਰ ਤੋਂ 1 ਨਵੰਬਰ ਦਿਨ ਸ਼ਨੀਵਾਰ ਤੱਕ 13 ਦਿਨ ਸਮਾਗਮ

## ਮਿਤੀ 1 ਨਵੰਬਰ 2025 ਦਿਨ ਸ਼ਨੀਵਾਰ

**ਨੂੰ ਸ਼੍ਰੀ ਅਖੰਡ ਪਾਠ ਸਾਹਿਬਾਂ ਜੀ ਦੇ ਭੋਗ ਉਪਰੰਤ ਦੀਵਾਨ ਸਜਣਗੇ ।**

**ਗੁਰੂ ਦੇ ਲੰਗਰ ਅਤੇ ਚਾਹ-ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ ।**



ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ

## 1 ਨਵੰਬਰ 2025 ਦਿਨ ਸ਼ਨੀਵਾਰ ਨੂੰ

ਲੜੀ ਭੋਗ ਸ਼੍ਰੀ ਅਖੰਡ ਪਾਠ ਸਾਹਿਬ 10-00 ਵਜੇ ਸਵੇਰੇ

**ਖੁੱਲ੍ਹੇ ਪੰਡਾਲ ਵਿੱਚ ਸਵੇਰੇ 10-00 ਵਜੇ ਤੋਂ ਸ਼ਾਮ 4-00 ਵਜੇ ਤੱਕ ਦੀਵਾਨ ਸਜਣਗੇ ।**




## ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ

ਦਮਦਮੀ ਟਕਸਾਲ

ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਮੁੱਖ ਬੁਲਾਰਾ ਅੰਤਰਰਾਸ਼ਟਰੀ ਇੰਟਰਨੈਸ਼ਨਲ ਪੰਥਕ ਦਲ

ਮੋ: 98141-27470, 73408-35137



ਆਵਾਜ਼ਿ ਕੌਮ AWAZE QAUM International Newspaper & WEB TV

ਜਾਰੀ ਕਰਤਾ :- ਜਰਨੈਲ ਸਿੰਘ ਢਿੱਲੋਂ, 84278-66404

## ਇੰਗਲੈਂਡ ਅਤੇ ਯੋਰਪ ਦੀਆਂ ਸਿੱਖ ਸੰਗਤਾਂ ਲਈ ਖੁਸ਼ਖਬਰੀ

### ਆਵਾਜ਼ਿ ਕੌਮ ਟੂਰ & ਟਰੈਵਲਜ਼ ਅਤੇ ਸ: ਰਘਬੀਰ ਸਿੰਘ ਵਲੋਂ

# ਨਨਕਾਣਾ ਸਾਹਿਬ ਯਾਤਰਾ

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ 5 ਨਵੰਬਰ ਨੂੰ ਸ੍ਰੀ ਨਨਕਾਣਾ ਸਾਹਿਬ ਮਨਾਓ ਜੀ।

ਨਵੰਬਰ 2025
ਬੁਕਿੰਗ ਸ਼ੁਰੂ ਹੈ
ਪਾਕਿਸਤਾਨ ਯਾਤਰਾ ਪੈਕੇਜ
£1650



NOV 2025
Book Now
Pakistan Yatra Package
£1650

## 9 Days Yatra - 31 Oct to 8 Nov, 2025

ਆਵਾਜ਼ਿ ਕੌਮ AWAZE QAUM International Newspaper & WEB TV

ਗੁਰੂ ਪਿਆਰੀ ਸੰਗਤ ਜੀ, ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ॥
ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ 5 ਨਵੰਬਰ ਨੂੰ ਸ੍ਰੀ ਨਨਕਾਣਾ ਸਮੇਤ ਸੰਸਾਰ ਭਰ ਵਿ'ਚ ਮਨਾਇਆ ਜਾ ਰਿਹਾ ਹੈ। ਸਿੰਘ ਟਰੈਵਲ ਅਤੇ ਗੁਰਧਾਮ ਯਾਤਰਾ ਸੇਵਾ ਸੁਸਾਇਟੀ ਵਲੋ 2010 ਤੋ ਹਰ ਸਾਲ ਫਰਵਰੀ, ਮਾਰਚ, ਅਪ੍ਰੈਲ, ਸਤੰਬਰ ਅਤੇ ਨਵੰਬਰ ਵਿੱਚ ਸੰਗਤਾਂ ਨੂੰ ਪੰਥ ਤੋ ਵਿਛੜੇ ਸ੍ਰੀ ਨਨਕਾਣਾ ਸਾਹਿਬ ਅਤੇ 25 ਤੋ ਵੱਧ ਗੁਰਧਾਮਾਂ ਦੇ ਦਰਸ਼ਨ, ਯੋਰਪ ਅਤੇ ਦੁਬਈ ਦੇ ਟੂਰ ਕਰਵਾਏ ਜਾਂਦੇ ਹਨ। ਹੁਣ ਤੱਕ ਕੈਨੇਡਾ, ਅਮਰੀਕਾ, ਇੰਗਲੈਂਡ ਅਤੇ ਯੋਰਪ ਸਮੇਤ ਸੰਸਾਰ ਭਰ ਦੀਆਂ ਹਜਾਰਾਂ ਸੰਗਤਾਂ ਪ੍ਰੀਵਾਰ ਸਮੇਤ ਦਰਸ਼ਨ ਕਰ ਚੁੱਕੀਆਂ ਹਨ, ਤੁਸੀ ਵੀ ਵਧੀਆ ਪ੍ਰਵਾਰਿਕ ਮਾਹੌਲ ਵਿੱਚ ਖੁੱਲੇ ਦਰਸ਼ਨ ਦੀਦਾਰ ਕਰਨ ਅਤੇ ਭਰੋਸੇਯੋਗ ਸੇਵਾਵਾਂ ਲਈ ਅੱਜ ਹੀ ਸੰਪਰਕ ਕਰੋ ਜੀ। **ਪੰਜਾਂ ਤਖਤਾਂ ਦੀ ਯਾਤਰਾ ਅਤੇ ਬਜ਼ੁਰਗਾਂ ਦੇ ਪਿੰਡ ਵੇਖਣ ਦਾ ਖਾਸ ਪ੍ਰਬੰਧ ਹੈ।**

ਸੰਸਾਰ ਭਰ ਵਿੱਚ ਜਾਣ ਲਈ ਸਸਤੀਆਂ ਹਵਾਈ ਟਿਕਟਾਂ ਲਈ ਇਕ ਵਾਰ ਫੋਨ ਜਰੂਰ ਘੁਮਾਓ ਜੀ।

**Yatra Expenses from UK: Pakistan 950 + Dubai 695 = From Europe Pakistan 1095 Dubai 795**

( Pak Visa, Hotel Twin Share + AC Delux Buses + Veg food + Z+ Security, Attraction Fees & Mineral Water Including the Yatra Expenses)

Special Discount on Yatra for family with Kids & 5 Star Yatra Package available on request



## Awaze Qaum Tour & Travels

**Tel: + 44 7976 210161**

Canada & USA Sangat Call Jasbir Sgh Boparai @
Canada:+1-647-231-1600- USA: +1-716-342-6007

Awaze Qaum Tour & Travels & Raghbir Singh Jatha

SINGH TRAVEL & TOURS LTD.

Singh Travel

GURDHAM YATRA & SEVA SOCIETY CANADA GURDHAMYATRA.COM

# YATRA NANKANA SAHIB

## OCT 30 - NOV 8, 2025

ਆਵਾਜ਼ਿ ਕੌਮ AWAZE QAUM International Newspaper & WEB TV



Nankana Sahib



Panja Sahib



kartarpur Sahib

## 25+ Gurdwara's & Historical places darshan

ਸਿੰਘ ਟਰੈਵਲ ਨਾਲ ਇੱਕ ਵਾਰ ਯਾਤਰਾ ਜਰੂਰ ਕਰੋ, ਸਾਡਾ 16 ਸਾਲ ਦਾ ਯਾਤਰਾ ਤਜ਼ਰਬਾ, ਤੁਹਾਡੀ ਯਾਤਰਾ ਯਾਦਗਾਰੀ ਬਣਾ ਦੇਵੇਗਾ।

**YATRA WITH SINGH TRAVEL – WE MAKE YOUR YATRA TRULY MEMORABLE!**

4 Days Dubai + all meals Ac Buses, 5 Attractions Airport & hotel

**UK. 695**
**Europe. 795**

9 Days + Veg meals, Ac Buses, Visa+ Hotels & Z+ Security, Without Ticket

**UK. 950**
**Europe. 1095**

Pakistan Yatra 9 Days + Veg meals, Ac Buses, Visa+ Hotels, Z+ Security & Return Air Ticket

**UK. 1650**

**Raghbir Singh** 07976 210161

**Mangal Singh** 07939 486321

**Jasbir S. Boparai** +1 647.231.1600


AWAZE QAUM TOUR & TRAVEL (YATRA SINCE 2000)
ਆਵਾਜ਼ਿ ਕੌਮ AWAZE QAUM
International Newspaper & WEB TV
YATRA
NANKANA SAHIB
WE WILL ALSO BE VISITING 25+ GURDWARA'S AND HISTORICAL PLACES
30 OCT TO 8 NOV, 2025
YATRA INCLUDES:
GURDWARA NANKANA SAHIB
GURDWARA PATTI SAHIB
GURDWARA TAMBU SAHIB
GURDWARA KIARA SAHIB
GURDWARA MALJI SAHIB
GURDWARA BAL LILA SAHIB
GURDWARA SACHA SAUDA
GURDWARA RORI SAHIB
GURDWARA PANJA SAHIB
GURDWARA BEBE DI BER SIALKOT
GURDWARA DERA SAHIB
JANAM ASTHAN BEBE NANKI JI
BHAI LALU JI DA GHAR
JANAM ASTHAN GURU RAMDAS JI
GURDWARA SHRI KARTARPUR SAHIB
GURDWARA SHAHEED GANJ LAHORE
MATA SAHIB KAUR JI JANAM ASTHAN
DARBAR SAI MIAN MIR JI
SHAHI QILA (SIKH FORT)
RAGHBIR SINGH
+44
7976 210 161
PACKAGE INCLUDES:
PAKISTAN VISA+ HOTEL(TWIN SHARE)+
LUXURY TRANSPORT+ VEG. FOOD +
MINERAL WATER AND MUCH MORE
CANADA SANGAT: +1 647.231.1600 – USA SANGAT: +1 716.342.6007


SRI GURU TEGH BAHADUR SAHIB JI
350TH
SHAHEEDI DIVAS
350 ਸ਼ਹੀਦੀ ਸਮਾਗਮ
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ 350 ਸਾਲਾ ਸ਼ਹੀਦੀ ਪੁਰਬ ਨੂੰ ਸਮਰਪਿਤ
ਸ਼ਹੀਦ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ ਸ਼ਹੀਦੀ ਨੂੰ ਸਮਰਪਿਤ
23 ਤੋਂ 26 ਅਕਤੂਬਰ 2025 ਤੱਕ
23 ਅਕਤੂਬਰ (ਵੀਰਵਾਰ)
ਪਾਠ ਸ੍ਰੀ ਸੁਖਮਨੀ ਸਾਹਿਬ – ਦੁਪਹਿਰ 3:00 ਵਜੇ
ਦੀਵਾਨ – 3:00 ਵਜੇ ਤੋਂ 8:30 ਵਜੇ ਤੱਕ
24 ਅਕਤੂਬਰ (ਸ਼ੁੱਕਰਵਾਰ)
ਦੀਵਾਨ – ਸਵੇਰੇ 5:30 ਵਜੇ ਤੋਂ ਰਾਤ 8:30 ਵਜੇ ਤੱਕ
25 ਅਕਤੂਬਰ (ਸ਼ਨੀਵਾਰ)
ਦੀਵਾਨ – ਸਵੇਰੇ 5:30 ਵਜੇ ਤੋਂ ਰਾਤ 9:00 ਵਜੇ ਤੱਕ
26 ਅਕਤੂਬਰ (ਐਤਵਾਰ)
ਸ੍ਰੀ ਸਹਿਜ ਪਾਠ ਭੋਗ – ਸਵੇਰੇ 10:00 ਵਜੇ
ਦੀਵਾਨ – ਸਵੇਰੇ 5:30 ਵਜੇ ਤੋਂ ਸ਼ਾਮ 7:00 ਵਜੇ ਤੱਕ
ਕਾਰ ਪਾਰਕ
ਗੁਰਦੁਆਰਾ ਗੁਰੂ ਹਰਿ ਰਾਇ ਸਾਹਿਬ ਜੀ
126-128 High St, West Bromwich B70 6JW
ਆਵਾਜ਼ਿ ਕੌਮ
AWAZE QAUM
International Newspaper & WEB TV
ਸੈਂਡਵੈਲ ਦੇ ਸਮੂਹ ਗੁਰਦੁਆਰਿਆਂ ਸਾਹਿਬ ਦੇ ਸਹਿਜੋਗ ਨਾਲ ਸਾਂਝੇ ਤੌਰ ਤੇ ਅਤੇ ਸਮੂਹ ਸਾਧ ਸੰਗਤ ਦੇ ਸਹਿਜੋਗ ਨਾਲ ਚਾਰ ਦਿਨਾਂ ੩੫੦ ਸਾਲਾਂ ਸ਼ਹੀਦੀ ਸਮਾਗਮ ਗੁਰਦੁਆਰਾ ਗੁਰੂ ਹਰਿ ਰਾਇ ਸਾਹਿਬ ਜੀ ਵੈਸਟ ਬਰੋਮਵਿਚ ਦੀ ਕਾਰ ਪਾਰਕਿੰਗ ਵਿੱਚ ਮਨਾਇਆ ਜਾ ਰਿਹਾ ਹੈ
ਗੁਰਦੁਆਰਾ ਨਾਨਕਸਰ - ਸਮੈਥਵਿਕ
ਗੁਰਦੁਆਰਾ ਸਚਖੰਡ ਇਸ਼ਰ ਦਰਬਾਰ
ਗੁਰਦੁਆਰਾ ਗੁਰੂ ਹਰਗੋਬਿੰਦ ਸਾਹਿਬ ਜੀ ਟਿਵੀਡੇਲ
Sikh Council Sandwell
Guru Nanak Gurdwara
ਹਰਿਰਾਇ Sri Guru HarRai Sahib Ji
Gurdwara Guru Maneyo Granth OLDBURY
GURDWARA OLDBURY
Bhai Khalsa Singh – 07454 023665 | Bhai Jatinder Singh – 07955 555840 | Bhai Ranjit Singh – 07587 156997 | Bhai Jagtar Singh – 07769 294279
Bhai Daya Singh (Hilltop) – 07837 529547 | Bhai Harjit Singh – 07950 266522 | Bhai Raghver Singh – 07930 908368 | Bhai Balvinder Singh – 07795 220835
Bhai Varinder Singh – 07435 123456 | Bhai Gurnam Singh – 07816 262046 | Bhai Gurmeet Singh – 07930 347140 | Bhai Daya Singh – 07772 222181


SRI GURU TEGH BAHADUR SAHIB JI
350TH
SHAHEEDI DIVAS
350TH SHAHEEDI SMAGAM
DEDICATED TO THE 350TH SHAHEEDI OF
SRI GURU TEGH BAHADUR SAHIB JI
In memory of Shaheeds Bhai Mati Das Ji, Bhai Sati Das Ji, and Bhai Dayala Ji
23RD – 26TH OCTOBER 2025
23rd October (Thursday)
Path Sri Sukhmani Sahib – 3:00 PM
Divaan – 3:00 PM to 8:30 PM
24th October (Friday)
Divaan – 5:30 AM to 8:30 PM
25th October (Saturday)
Divaan – 5:30 AM to 9:00 PM
26th October (Sunday)
Sri Sehaj Path Bhog – 10:00 AM
Divaan – 5:30 AM to 7:00 PM
SMAGAM HELD IN CAR PARK OF
GURDWARA GURU HAR RAI SAHIB JI
126–128 HIGH ST, WEST BROMWICH B70 6JW
ਆਵਾਜ਼ਿ ਕੌਮ
AWAZE QAUM
International Newspaper & WEB TV
This smagam has been organised by The Sandwell Council of Sikh Gurdware and the Sadh Sangat.
Please come along and attend this four day program with your friends and family to remember the sacrifice of our great shaheeds.
Gurdwara Nanaksar Smethwick
Gurdwara Sachkhand Isher Darbar
Gurdwara Guru Hargobind Sahib Ji Tividale
Sikh Council Sandwell
Guru Nanak Gurdwara
Sri Guru HarRai Sahib Ji
Gurdwara Guru Maneyo Granth OLDBURY
Bhai Khalsa Singh – 07454 023665 | Bhai Jatinder Singh – 07955 555840 | Bhai Ranjit Singh – 07587 156997 | Bhai Jagtar Singh – 07769 294279
Bhai Daya Singh (Hilltop) – 07837 529547 | Bhai Harjit Singh – 07950 266522 | Bhai Raghver Singh – 07930 908368 | Bhai Balvinder Singh – 07795 220835
Bhai Varinder Singh – 07435 123456 | Bhai Gurnam Singh – 07816 262046 | Bhai Gurmeet Singh – 07930 347140 | Bhai Daya Singh – 07772 222181

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥


# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)





# ਮਹਾਨ ਗੁਰਮਤਿ ਸਮਾਗਮ



☛ ਸਲਾਨਾ ਬਰਸੀ ਬ੍ਰਹਮ ਗਿਆਨੀ ਸੰਤ ਬਾਬਾ ਹਜ਼ਾਰਾ ਸਿੰਘ ਜੀ ਛੋਟੇ ਘੰਮਣਾ ਗੁਰਦਾਸਪੁਰ ਵਾਲੇ ☛ ਗੁਰਤਾਗੱਦੀ ਧੰਨ ਧੰਨ ਸ਼੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ। ☛ ਜੋਤੀ ਜੋਤ ਧੰਨ ਧੰਨ ਸ਼੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੂੰ ਸਮਰਪਿਤ ਗੁਰਮਿਤ ਸਮਾਗਮ ਕਰਵਾਏ ਜਾ ਰਹੇ ਹਨ

ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭਤਾ 17 ਅਕਤੂਬਰ ਸ਼ੁੱਕਰਵਾਰ 10: 30 ਵਜੇ ਹੋਵੇਗੀ ਅਤੇ ਐਤਵਾਰ 10:30 ਵਜੇ ਭੋਗ ਪੈਣਗੇ। ਇਹ ਸਾਰੀ ਸੇਵਾ ਭਾਈ ਸਤਨਾਮ ਸਿੰਘ ਲੋਧੀ ਵਾਲੇ ਅਤੇ ਸਹਿਯੋਗੀ ਸਿੰਘਾਂ ਦੇ ਉਦਮ ਸਦਕਾ ਸੇਵਾ ਲਈ ਗਈ ਹੈ।

**ਸ਼ਨਿੱਚਰਵਾਰ 18 ਅਕਤੂਬਰ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸੱਜਣਗੇ।**

ਐਤਵਾਰ 19 ਅਕਤੂਬਰ 2025 ਨੂੰ 6:30 ਵਜੇ ਸਵੇਰੇ ਚੋਪੈਹਿਰੇ ਸਾਹਿਬ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9:30 ਵਜੇ ਭੋਗ ਪੈਣਗੇ।

ਕੀਰਤਨੀ ਜਥੇ ਰਾਗੀ ਭਾਈ ਗੁਰਸ਼ਰਨ ਸਿੰਘ ਯੂ ਕੇ ਵਾਲੇ, ਕਥਾ ਵਾਚਕ ਭਾਈ ਹਰਭਾਗ ਸਿੰਘ ਸ੍ਰੀ ਅਨੰਦਪੁਰ ਸਾਹਿਬ ਵਾਲੇ • ਕਵੀਸ਼ਰੀ ਜਥਾ ਗਿਆਨੀ ਅੰਗਰੇਜ਼ ਸਿੰਘ ਜਾਂਗਲਾ ਗੁਰਦਾਸਪੁਰ ਵਾਲੇ ਕਵੀਸ਼ਰੀ ਵਾਰਾਂ ਰਾਹੀਂ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਨਾਲ ਸਿੱਖ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

ਸਾਧ ਸੰਗਤ, ਪ੍ਰਬੰਧਕ ਕਮੇਟੀ
ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ। ☛ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

Gurdwara Sahib Shaeed Baba Deep Singh ji Damdami Taksaal
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

# ਗੁਰਦੁਆਰਾ ਸ਼ਹੀਦਾਂ ਜੱਸੋਵਾਲ (ਬੱਬਰਾਂ ਦਾ ਹਾਈ ਕੋਰਟ) ਵਿਖੇ 29ਵਾਂ ਸਲਾਨਾ ਜੋੜ ਮੇਲਾ 1 ਨਵੰਬਰ 2025 ਨੂੰ ਸ਼ਨੀਵਾਰ ਦੇ ਦਿਨ ਸ਼ਾਨੋ-ਸ਼ੌਕਤ ਨਾਲ ਮਨਾਇਆ ਜਾਵੇਗਾ







**ਜੱਸੋਵਾਲ, ਹੁਸ਼ਿਆਰਪੁਰ, 17 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਗੁਰਦੁਆਰਾ ਸ਼ਹੀਦਾਂ ਜੱਸੋਵਾਲ ਬੱਬਰਾਂ ਹਾਈ ਕੋਰਟ ਵਿਖੇ 29ਵਾਂ ਸਲਾਨਾ ਜੋੜ ਮੇਲਾ ਆਉਣ ਵਾਲੇ 1 ਨਵੰਬਰ (ਸ਼ਨੀਵਾਰ) ਨੂੰ ਸ਼ਾਨੋ ਸੌਕਤ ਤੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਇਸ ਜੋੜ ਮੇਲੇ ਵਿੱਚ ਧਾਰਮਿਕ ਤੇ ਰਾਜਨੀਤਿਕ ਪਾਰਟੀਆਂ ਦੇ ਪ੍ਰਮੁੱਖ ਆਗੂ, ਪੰਥਕ ਜਥੇਬੰਦੀਆਂ ਦੇ ਮੁਖੀ, ਨਿਹੰਗ ਸਿੰਘ ਜਥੇਬੰਦੀਆਂ ਅਤੇ ਵਿਦੇਸ਼ਾਂ ਤੋਂ ਸੰਗਤਾਂ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨਗੀਆਂ। ਇਸ ਸਬੰਧੀ 17 ਅਕਤੂਬਰ ਦਿਨ ਸ਼ੁੱਕਰਵਾਰ ਨੂੰ ਵਿਸ਼ੇਸ਼ ਮੀਟਿੰਗ ਗੁਰਦੁਆਰਾ ਸਾਹਿਬ ਵਿਖੇ ਕਰਵਾਈ ਗਈ, ਜਿਸ ਦੀ ਅਗਵਾਈ ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ ਜੀ ਨੇ ਕੀਤੀ। ਮੀਟਿੰਗ ਵਿੱਚ ਇਲਾਕੇ ਦੀਆਂ ਸੰਗਤਾਂ, ਸਰਪੰਚ ਸਾਹਿਬਾਨ ਅਤੇ ਸੇਵਾਦਾਰ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ। ਸਾਰੀਆਂ ਸੰਗਤਾਂ ਵਿੱਚ ਆਉਣ ਵਾਲੇ ਜੋੜ ਮੇਲੇ ਲਈ ਵੱਡਾ ਉਤਸ਼ਾਹ ਦੇਖਣ ਯੋਗ ਸੀ।

**ਮੀਟਿੰਗ ਵਿੱਚ ਪਹੁੰਚੇ ਪ੍ਰਮੁੱਖ ਨਿਹੰਗ ਸਿੰਘ ਜਥੇਦਾਰ : ਜਥੇਦਾਰ ਬਾਬਾ ਸਵਰਨਜੀਤ ਸਿੰਘ ਜੀ ਨਿਹੰਗ ਸਿੰਘ, ਮਿਸ਼ਲ ਸ਼ਹੀਦਾਂ ਤਰਨਾ ਦਲ, ਜਥੇਦਾਰ ਬਾਬਾ ਫਤਿਹ ਸਿੰਘ ਜੀ, ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਛਾਉਣੀ ਨੰਗਲ ਸਿੰਘਾ ਬੁੱਢਾ ਦਲ, ਨਵਾਂ ਸ਼ਹਿਰ, ਜਥੇਦਾਰ ਬਾਬਾ ਮਲਕੀਤ ਸਿੰਘ ਜੀ ਨਿਹੰਗ ਸਿੰਘ, ਗੁਰੂ ਨਾਨਕ ਦਰਬਾਰ ਗੜ੍ਹਸ਼ੰਕਰ, ਜਥੇਦਾਰ ਬਾਬਾ ਅੰਦੇਸ਼ ਸਿੰਘ ਜੀ, ਅੰਮ੍ਰਿਤਸਰ**

ਇਨ੍ਹਾਂ ਦੇ ਨਾਲ ਕਈ ਹੋਰ ਧਾਰਮਿਕ ਆਗੂਆਂ ਨੇ ਵੀ ਹਾਜ਼ਰੀ ਭਰੀ ਅਤੇ ਸਮਾਗਮ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ।

**ਸਮਾਗਮ ਦੀਆਂ ਤਰੀਖਾਂ ਤੇ ਵਿਸ਼ੇਸ਼ ਪ੍ਰੋਗਰਾਮ:**

- **20 ਅਕਤੂਬਰ 2025: ਅਖੰਡ ਪਾਠ ਸਾਹਿਬ ਦਾ ਆਰੰਭ**
- **13 ਦਿਨਾਂ ਤੱਕ: ਲੜੀਵਾਰ ਸਮਾਗਮ ਤੇ ਸੰਗਤਾਂ ਲਈ ਧਾਰਮਿਕ ਪ੍ਰੋਗਰਾਮ**
- **1 ਨਵੰਬਰ (ਸ਼ਨੀਵਾਰ): ਮੁੱਖ ਜੋੜ ਮੇਲਾ**

ਆਵਾਜ਼ਿ ਕੌਮ AWAZE QAUM International Newspaper & WEB TV

ਇਸ ਮਹਾਂ ਸਮਾਗਮ ਵਿੱਚ ਵਿਸ਼ੇਸ਼ ਤੌਰ ’ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਭਾਈ ਜਸਮੀਤ ਸਿੰਘ ਜੀ ਰੋਡੇ — ਜੋ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦੇ ਭਤੀਜੇ ਹਨ — ਹਾਜ਼ਰੀ ਭਰਨਗੇ। ਰਾਗੀ, ਢਾਡੀ, ਕਥਾਵਾਚਕ ਅਤੇ ਇੰਟਰਨੈਸ਼ਨਲ ਪੰਥ ਦਲ ਦੀ ਸਮੁੱਚੀ ਲੀਡਰਸ਼ਿਪ ਇਸ ਸਮਾਗਮ ਵਿੱਚ ਸ਼ਮੂਲੀਅਤ ਕਰੇਗੀ। ਵਿਦੇਸ਼ਾਂ, ਖ਼ਾਸ ਕਰਕੇ ਯੂਕੇ ਅਤੇ ਇੰਗਲੈਂਡ ਦੀਆਂ ਸੰਗਤਾਂ ਵੱਲੋਂ ਵੀ ਵੱਡੇ ਪੱਧਰ ’ਤੇ ਪਹੁੰਚਣ ਦੀ ਪੁਸ਼ਟੀ ਹੋ ਚੁੱਕੀ ਹੈ। ਸੰਗਤਾਂ ਦੀ ਸੇਵਾ ਲਈ ਚਾਹ, ਪਕੌੜੇ, ਬੇਸਨ ਮਟਰੀ ਅਤੇ ਬਦਾਨੇ ਨਾਲ ਭਰਪੂਰ ਪ੍ਰਸਾਦ ਦੀ ਵਿਵਸਥਾ ਕੀਤੀ ਗਈ ਹੈ। ਸਾਰੀਆਂ ਸੇਵਾਵਾਂ ਚਾਉ, ਸ਼ਰਧਾ ਤੇ ਨਿਸ਼ਕਾਮ ਭਾਵ ਨਾਲ ਚੱਲ ਰਹੀਆਂ ਹਨ। ਗੁਰਦੁਆਰਾ ਸਾਹਿਬ ਦੇ ਇੰਚਾਰਜ ਭਾਈ ਜਰਨੈਲ ਸਿੰਘ ਨੇ ਮੀਟਿੰਗ ਵਿੱਚ ਸ਼ਾਮਲ ਹੋਏ ਸਾਰਿਆਂ ਦਾ ਧੰਨਵਾਦ ਕੀਤਾ।

**✶ ਜਾਰੀ ਕਰਤਾ ✶**

## ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ

**(ਦਮਦਮੀ ਟਕਸਾਲ ਮੈਂਬਰ, ਸ਼੍ਰੋਮਣੀ ਕਮੇਟੀ, ਅੰਤਰਰਾਸ਼ਟਰੀ ਮੁੱਖ ਬੁਲਾਰੇ, ਇੰਟਰਨੈਸ਼ਨਲ ਪੰਥਕ ਦਲ)**

ਘੜੀਐ ਸਬਦੁ ਸਚੀ ਟਕਸਾਲ ॥

## ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)

**ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਦਮਦਮੀ ਟਕਸਾਲ ਇਟਲੀ ਕਾਜੇਲਮੋਰਾਨੋ ਵਿਖੇ ਨੌਂਵੇ ਪਾਤਸ਼ਾਹ ਧੰਨ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਮੁੱਖ ਰੱਖਦਿਆਂ ਮਹਾਨ ਨਗਰ ਕੀਰਤਨ 19 ਅਕਤੂਬਰ ਨੂੰ, ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਸੇਵਾ ਸੰਭਾਲ ਦਮਦਮੀ ਟਕਸਾਲ ਇਟਲੀ ਦੁਆਰਾ ਸੰਗਤਾ ਨੂੰ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਣ ਦੀ ਕੀਤੀ ਅਪੀਲ**

ਸ੍ਰੀ ਗੁਰੂ ਗ੍ਰੰਥ ਸਾਹਿਬ ਸੇਵਾ ਸੰਭਾਲ
ਘੜੀਐ ਸਬਦੁ ਸਚੀ ਟਕਸਾਲ ॥
ਦਮਦਮੀ ਟਕਸਾਲ
ITALY



ਭਾਈ ਪਰਗਟ ਸਿੰਘ ਖਾਲਸਾ
ਮੁੱਖ ਸੇਵਾਦਾਰ, ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜੇਲਮੋਰਾਨੋ, ਕਰੇਮੋਨਾ



ਭਾਈ ਰਜਿੰਦਰ ਸਿੰਘ ਰੰਮੀ
ਮੁੱਖ ਸੇਵਾਦਾਰ, ਗੁਰਦੁਆਰਾ ਮਾਤਾ ਸਾਹਿਬ ਕੌਰ ਜੀ ਕੋਵੋ, ਬੈਰਗਮੋ



ਗਿਆਨੀ ਸੁਰਜੀਤ ਸਿੰਘ ਖੰਡੇਵਾਲਾ
ਪ੍ਰਸਿੱਧ ਪ੍ਰਚਾਰਕ ਇਟਲੀ



ਭਾਈ ਨਛੱਤਰ ਸਿੰਘ
ਪ੍ਰਬੰਧਕ ਗੁਰਦੁਆਰਾ ਸਾਹਿਬ ਕਸਤੀਲਿਓਨੇ



ਭਾਈ ਪ੍ਰਤਾਪ ਸਿੰਘ ਕਾਹਲੋਂ
ਮੁੱਖ ਸੇਵਾਦਾਰ, ਗੁਰਦੁਆਰਾ ਬਾਬਾ ਲੱਖੀ ਸ਼ਾਹ ਵਣਜਾਰਾ ਸਿੱਖ ਸੈਂਟਰ ਪੋਤੇਂਕੁਰੋਨੇ, ਅਲੈਂਸਾਦਰੀਆ



ਸ. ਗੁਰਕੀਰਤ ਸਿੰਘ ਕਾਹਲੋਂ
ਸਮਾਜ ਸੇਵੀ, ਇਟਲੀ



ਭਾਈ ਬਿਕਰਮਜੀਤ ਸਿੰਘ ਬਰੇਸ਼ੀਆ
ਸੇਵਾਦਾਰ, ਦਸਤਾਰ ਲਹਿਰ ਇਟਲੀ

**ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।**

**ਗੁਰੂ ਕਾ ਲੰਗਰ ਅਤੁੱਟ ਵਰਤੇਗਾ**

## ★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**
**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ।
☛ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
**Call+393475711755 / 3208124778**


SARDARI TRAVELS
SARDARI TRAVELS PROUDLY PRESENTS
NANKANA SAHIB YATRA
2025
31 October To 08 November
ਆਵਾਜ਼ਿ ਕੌਮ AWAZE QAUM International Newspaper & WEB TV
Hurry Book Your Seats Now
ਗੁਰਦੁਆਰਾ ਜਨਮ ਅਸਥਾਨ ਸ਼੍ਰੀ ਨਨਕਾਣਾ ਸਾਹਿਬ, ਗੁਰਦੁਆਰਾ ਸ਼੍ਰੀ ਪੰਜਾ ਸਾਹਿਬ, ਗੁਰਦੁਆਰਾ ਸ਼੍ਰੀ ਡੇਹਰਾ ਸਾਹਿਬ, ਗੁਰਦੁਆਰਾ ਸ਼੍ਰੀ ਕਰਤਾਰਪੁਰ ਸਾਹਿਬ।
ਖ਼ਾਲਸਾ ਪੰਥ ਤੋਂ ਵਿਛੜੇ 25 ਤੋਂ ਵੱਧ ਗੁਰਧਾਮਾਂ ਦੀ ਇਤਿਹਾਸਕ ਯਾਤਰਾ।
ਨੋਟ - ਜੋ ਧਾਰਮਿਕ ਯਾਤਰਾ ਕਰਨ ਦੇ ਚਾਹਵਾਨ ਹਨ ਅਤੇ ਪੈਸੇ ਇਕੱਠੇ ਨਹੀਂ ਦੇ ਸਕਦੇ। ਉਹ ਸਾਨੂੰ ਪੈਸੇ ਕਿਸਤਾਂ ਰਾਹੀਂ ਵੀ ਅਦਾ ਕਰ ਸਕਦੇ ਹਨ।
ਕਿਸੇ ਵੀ ਤਰ੍ਹਾਂ ਦੀ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ -
ਸੁਲੱਖਣ ਸਿੰਘ ਇਟਲੀ +39 3471560734
Via, G.B.MORONI,11, GORLAGO BERGAMO. ITALY.

# ਕੀ ਇਹ ਸੱਚ ਹੈ ?

## ਹਰ ਸਿੱਖ ਥੋੜ੍ਹਾ ਜਿਹਾ ਸਮਾਂ ਕੱਢ ਕੇ ਜ਼ਰੂਰ ਪੜ੍ਹੇ

### ਸਵਾਲ ਖੜਾ ਹੈ ?

੧. ਕੀ ਇਹ ਸੱਚ ਨਹੀਂ ਕਿ ?? - ਗੁਰੂ ਰਾਮਦਾਸ ਪਾਤਸ਼ਾਹ ਦੀ ਵਸਾਈ ਅੰਮ੍ਰਿਤਸਰ ਸਾਹਿਬ ਦੀ ਪਾਵਨ ਨਗਰੀ ਹੁਣ ਇੱਕ ਪਵਿੱਤਰ ਸ਼ਹਿਰ ਨਾ ਹੋ ਕੇ ਸਲਾਨੀਆਂ ਛੁੱਟੀਆਂ ਮਨਾਉਣ ਆਉਣ ਵਾਲਿਆ ਲਈ ਇਕ ਟੂਰਿਸਟ ਸਿਟੀ ਬਣ ਚੁਕੀ ਹੈ ?

੨. ਕੀ ਇਹ ਸੱਚ ਨਹੀਂ ਕਿ ?? - ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੁਣ ਬੀੜੀਆਂ, ਸ਼ਰਾਬ, ਮਾਸ, ਸਿਗਰਟਾਂ, ਤਮਾਕੂ, ਮੱਛੀ, ਅੰਡੇ, ਭੰਗ, ਅਫੀਮ, ਸਮੈਕ, ਚਿੱਟਾ ਅਤੇ ਅਜਿਹੀਆਂ ਹੋਰ ਵਸਤੂਆਂ ਦੀਆਂ ਕਨੂੰਨੀ ਅਤੇ ਗੈਰ ਕਨੂੰਨੀ ਦੁਕਾਨਾਂ ਵਿਕਣ ਗਹਾਂ ਦੀ ਭਰਮਾਰ ਹੈ ?

੩. ਕੀ ਇਹ ਸੱਚ ਨਹੀਂ ਕਿ ? ਅੰਮ੍ਰਿਤਸਰ ਸਾਹਿਬ ਦੀ ਆਬਾਦੀ ਪਿਛੇ ਕੁਝ ਵਰਿਆਂ ਵਿੱਚ ਦੱਸ ਗੁਣਾਂ ਤੋਂ ਵੀ ਵੱਧ ਹੋ ਗਈ ਹੈ ?

੪. ਕੀ ਇਹ ਸੱਚ ਹੈ ਕਿ ?? -ਹੁਣ ਅੰਮ੍ਰਿਤਸਰ ਸਾਹਿਬ ਵਿੱਚੋਂ ਬਾਹਰੋਂ ਆਉਣ ਵਾਲੇ ਵੱਧ ਗਣਿਤੀ ਲੋਕ ਗੁਰੂ ਰਾਮਦਾਸ ਪਾਤਸ਼ਾਹ ਦੇ ਪਾਵਣ ਦਰ ਤੋਂ ਰੂਹਾਨੀਅਤ ਪ੍ਰਾਪਤ ਕਰਨ ਦੀ ਥਾਂ ਘੁੰਮਣ-ਫਿਰਣ, ਅਟਾਰੀ ਬਾਡਰ ਦੇਖਣ, ਫੂਡ ਸਟਰੀਟ ਵਿੱਚ ਖਾਣ ਪੀਣ ਲਈ ਆਉਂਦੇ ਹਨ ?
ਕੀ ਅਜਿਹੇ ਲੋਕ ਸਵਰਨ ਮੰਦਰ ਦੇਖਣ ਆਏ ਜਾਂ ਗੋਲਡਨ ਟੈਂਪਲ ਦੇਖਾ, ਬਹੁਤ ਸੁੰਦਰ ਲਗਾ, ਵਰਗੇ ਸ਼ਬਦ ਬੋਲਦੇ ਨਹੀਂ ਦੇਖੇ ਸੁਨੇ ਜਾਂਦੇ ਹਨ ?

੫. ਕੀ ਅੰਮ੍ਰਿਤਸਰ ਵਿੱਚ ਹੁਣ ਮਾਂ ਬੋਲੀ ਪੰਜਾਬੀ ਦੀ ਥਾਂ ਤੇ ਹਿੰਦੀ ਅਤੇ ਅੰਗਰੇਜ਼ੀ ਵਿੱਚ ਲੱਗੇ ਸਾਇਨ ਬੋਰਡ ਦੀ ਗਿਣਤੀ ਦੱਸ ਗੁਣਾਂ ਜ਼ਿਆਦਾ ਵੱਧ ਗਈ ਹੈ ?

੬. ਕੀ ਅੰਮ੍ਰਿਤਸਰ ਸਾਹਿਬ ਵਿਚ ਮਾਂ ਬੋਲੀ ਪੰਜਾਬੀ ਦੀ ਸ਼ਹਿਦ ਮਿੱਠੀ ਅਵਾਜ਼ਾਂ ਸੁਣਨ ਦੀ ਥਾਂ ਭਰਨ ਦੇ ਦੂਸਰੇ ਰਾਜਾਂ ਵਿੱਚ ਬੋਲੀ ਜਾਣ ਵਾਲੀ ਹਿੰਦੀ ਦੀਆਂ ਅਵਾਜਾਂ ਜ਼ਿਆਦਾ ਸੁਣਾਈ ਦਿੰਦੀਆਂ ਹਨ ?

੭. ਕੀ ਅੰਮ੍ਰਿਤਸਰ ਸਾਹਿਬ ਦਾ ਕੁਲ ਖੇਤਰਫਲ ਇਥੇ ਦਾ ਸੀਵਰਜ਼ ਸਿਸਟਮ ਸਾਫ ਸਫਾਈ ਦਾ ਪ੍ਰਬੰਧ ਇਤਨੇ ਵੱਧ ਗਿਣਤੀ ਸੈਲਾਨੀਆਂ ਦੁਆਰਾ ਫੈਲਾਏ ਜਾਣ ਵਾਲੇ ਪ੍ਰਦੂਸ਼ਣ ਨੂੰ ਝਲਣ ਦੇ ਸਮਰੱਥ ਹੈ ?

੮. ਕੀ ਅੰਮ੍ਰਿਤਸਰ ਸਾਹਿਬ ਇਸ ਬੇਅਨਤਿਆਰਾ ਵੱਧ ਰਹੇ ਹਰ ਪ੍ਰਕਾਰ ਦੇ ਪ੍ਰਦੂਸ਼ਣ ਦਾ ਭਾਰ ਸੱਚਖੰਡ ਸ਼੍ਰੀ ਹਰਿਮੰਦਰ ਸਾਹਿਬ ਤੇ ਹੋਰ ਇਤਿਹਾਸਕ ਗੁਰਦਵਾਰਿਆਂ, ਪਵਿੱਤਰ ਅੰਮ੍ਰਿਤ ਸਰੋਵਰ ਦੀਆਂ ਇਤਿਹਾਸਕ ਬਣਤਰਾਂ ਤੇ ਨਹੀਂ ਪੈ ਰਿਹਾ ?

੯. ਸ਼੍ਰੀ ਅੰਮ੍ਰਿਤਸਰ ਸਾਹਿਬ ਨੂੰ ਇਕ ਰੂਹਾਨੀ ਨਗਰ ਤੋਂ ਇਕ ਸੈਲਾਨੀ ਸ਼ਹਿਰ ਵਿੱਚ ਤਬਦੀਲ ਕਰਨ ਦਾ ਆਰਥਿਕ ਲਾਭ ਲੈਣ ਵਾਲੀਆਂ ਸਰਕਾਰਾਂ ਅਤੇ ਵਰਗ ਇਸ ਘਿਰਨਤ ਪਾਪ ਦੇ ਦੋਸ਼ੀ ਨਹੀਂ ?
ਕੀ ਸਭ ਕੁਝ ਜਾਣਦਿਆਂ, ਬੁਝਦਿਆਂ, ਦੇਖਦੀਆਂ, ਸਮਝਦਿਆਂ ਹੋਇਆ ਵੀ ਕਾਇਰਤਾਂ ਵੱਸ ਚੁੱਪ ਰਹਿਣ ਲਈ, ਅਸੀਂ ਸਾਰੇ ਹੀ ਦੋਸ਼ੀ ਨਹੀਂ ?...ਦੋਸ਼ੀ ਨਹੀਂ ? ਦੋਸ਼ੀ ਨਹੀਂ ?

੧੦. ਕਉਣ ਤੇ ਕਦੋਂ ਅਤੇ ਕਿਵੇਂ ਸ਼੍ਰੀ ਅੰਮ੍ਰਿਤਸਰ ਸਾਹਿਬ ਨੂੰ ਪਵਿੱਤਰ ਨਗਰੀ ਐਲਾਨਣ ਅਤੇ ਇਸ ਨੂੰ ਅਮਲੀ ਜਾਮਾ ਪਹਿਨਾਉਣ ਦੀ ਜਿੰਮੇਵਾਰੀ ਲਉਗਾ ?

੧੧. ਕੀ ਇਹ ਸੱਚ ਨਹੀਂ ਕਿ ?? -ਮਹਾਰਾਜਾ ਰਣਜੀਤ ਸਿੰਘ ਲਾਹੌਰ ਤੋਂ ਆਪਣੇ ਹਾਥੀ ਘੋੜੇ ਸਵਾਰੀਆਂ ਤੇ ਲਉ ਲਕਸ਼ਰ ਲੈ ਕੇ ਅੰਮ੍ਰਿਤਸਰ ਸਾਹਿਬ ਰਾਮਬਾਗ ਤੱਕ ਆਉਂਦਾ ਸੀ ? ਕੀ ਇਹ ਸੱਚ ਹੈ ਕਿ ਨਹੀਂ - ਉਹ ਇੱਥੇ ਆਪਣੇ ਹਾਥੀ, ਘੋੜੇ ਤੇ ਲਉ ਲਕਸ਼ਰ ਛੱਡ ਕੇ ਨੰਗੇ ਪੈਰੀ ਸ਼੍ਰੀ ਹਰਿਮੰਦਰ ਸਾਹਿਬ ਦੇ ਲਾਗੇ ਬਣੀ ਬਾਰਾਂ ਦਰੀ ਤੱਕ ਪਹੁੰਚਦਾ ਸੀ ?
ਕੀ ਇਹ ਸੱਚ ਨਹੀਂ ਕਿ ?? -ਸ਼ਾਹੀ ਪੋਸ਼ਾਕ ਅਤੇ ਗਹਿਣੇ ਤੇ ਕਲਗੀ ਅਤਿਆਦ ਉਤਾਰਕੇ ਸਾਦੇ ਕੱਪੜਿਆਂ ਵਿੱਚ ਸ਼੍ਰੀ ਹਰਿਮੰਦਰ ਸਾਹਿਬ ਦੇ ਅੰਦਰ ਦਰਸ਼ਨ ਕਰਨ ਜਾਂਦਾ ਸੀ ?

੧੨. ਸ਼੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਆਉਣ ਵਾਲੀਆਂ ਬੇਅੰਤ ਸੰਗਤਾਂ ਪੁਰਾਣੇ ਅੰਮ੍ਰਿਤਸਰ ਸਾਹਿਬ ਦੀ ਚਾਰ ਦੀਵਾਰੀ ਵਿੱਚ ਬਣੇ ਗੇਟਾਂ ਦੇ ਬਾਹਰ ਹੀ ਆਪਣੇ ਜੋੜੇ ਉਤਾਰਕੇ ਗੁਰੂ ਸਾਹਿਬ ਨੂੰ ਪਹਿਲਾਂ ਨਮਸ਼ਕਾਰ ਇਹਨਾਂ ਗੇਟਾਂ ਤੋਂ ਹੀ ਕਰਦਿਆਂ ਕਰਦੀਆਂ ਸਨ ??

੧੩. ਕੀ ਇਹ ਸੱਚ ਹੈ ਕਿ ?? - ਸੰਗਤਾਂ ਪੁਰਾਣੇ ਅੰਮ੍ਰਿਤਸਰ ਸਾਹਿਬ ਦੀ ਪਵਿੱਤਰਤਾ ਨੂੰ ਮੁੱਖ ਰੱਖਦਿਆਂ ਵਿੱਚ ਜੋੜੇ ਪਾਕੇ ਅੰਦਰ ਨਹੀਂ ਸੀ ਜਾਂਦੀਆਂ ??

੧੪. ਕੀ ਇਹ ਸੱਚ ਹੈ ਕਿ ? - ੧੯੮੦ ਦੇ ਦਿਨਾਂ ਵਿੱਚ ਅੰਮ੍ਰਿਤਸਰ ਸਾਹਿਬ ਵਿੱਖੇ ਕੁਝ ਹਿੰਸਕ ਅਤੇ ਫਿਰਕੂ ਲੋਕਾਂ ਨੇ ਹਥਿਆਰਾਂ ਤੇ ਸਿਗਰਟਾਂ ਦੀਆਂ ਡੱਬੀਆਂ ਟੰਗ ਕੇ ਪੀਏਂਗੇ ਔਰ ਜੀਏਂਗੇ ਦੇ ਅੱਤ ਭੜਕਾਉਨਾਰੇ ਲਏ ਸਨ ? ਕੀ ਇਹ ਸੱਚ ਹੈ ਕਿ ਇਸ ਭੁਤਰੀ ਭੀੜ ਵਲੋਂ ਸ਼ਾਂਤਮਈ ਤਰੀਕੇ ਨਾਲ ਤੁਰੇ ਜਾਂਦੇ ਇਕ ਵਿਅਕਤੀ ਨੂੰ ਕੁੱਟ - ਕੁੱਟ ਕੇ ਮਾਰ ਦਿੱਤਾ ਸੀ ?

੧੫. ਕੀ ਇਹ ਸੱਚ ਹੈ ਕਿ - ਅੰਮ੍ਰਿਤਸਰ ਸ਼ਹਿਰ ਵਿੱਚ ਪਿੱਛੇ ਕੁਝ ਵਰਿਆਂ ਦੇ ਦੁਰਾਨ ਹੀ ਗੈਸਟ ਹਾਉਸਾਂ, ਹੋਟਲਾਂ ਦੀ ਭਰਮਾਰ ਹੋ ਗਈ ਹੈ ?

੧੬. ਕੀ ਇਹ ਸੱਚ ਹੈ ਕਿ - ਇਹਨਾਂ ਹੋਟਲਾਂ, ਗੈਸਟ ਹਾਉਸਾਂ ਵਿੱਚ ਨਸ਼ਿਆਂ, ਸ਼ਰਾਬ, ਮਾਸ, ਸਿਗਰਟਾਂ, ਤਮਾਕੂ, ਅਤਿਆਦ ਦੀ ਵਰਤੋਂ ਤੜਲੇ ਨਾਲ ਹੁੰਦੀ ਹੈ ?

੧੭. ਕੀ ਇਹ ਸੱਚ ਹੈ ਕਿ ?? -ਇਹਨਾਂ ਹੋਟਲਾਂ, ਗੈਸਟ ਹਾਉਸਾਂ ਵਿੱਚ ਹੋਰ ਕਈ ਸ਼ਰਮਨਾਕ ਨਾ ਦੱਸਣ ਜੋਗ ਕਾਰਜ ਅਤੇ ਨਚਾਰਾਂ ਦੀਆਂ ਪਾਰਟੀਆਂ ਹੁੰਦੀਆਂ ਹਨ। ਜੋ ਕੁਝ ਵੀ ਹੋ ਰਿਹਾ ਹੈ ਕੀ ਕਾਨੂੰਨੀ ਹੈ ਜਾਂ ਗੈਰ ਕਾਨੂੰਨੀ ?

੧੮. ਕੀ ਜੂਆ ਖੇਡਣਾ ਧਰਮ ਅਤੇ ਕਾਨੂੰਨ ਅਨੁਸਾਰ ਜਾਇਜ ਹੈ ? ਕੀ ਲਾਟਰੀ ਜੂਏ ਦੀ ਸ਼੍ਰੇਣੀ ਵਿੱਚ ਆਉਂਦੀਆਂ ਹਨ ?

੧੯. ਹੈ ਕੋਈ ?? ਹੈ ਕੋਈ ?? ਹੈ ਕੋਈ ?? ਹੈ ਕੋਈ ?? ਹੈ ਕੋਈ ??

ਆਵਾਜ਼ਿ ਕੌਮ AWAZE QAUM International Newspaper & WEB TV

**ਭਾਈ ਸੁੱਖਾ ਸਿੰਘ, ਭਾਈ ਮਹਿਤਾਬ ਸਿੰਘ ਦਾ ਵਾਰਸ**

### ਅਮਰੀਕਾ ਦੀ ਕਾਂਗਰਸ ਹਾਊਸ ਵੱਲੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ

# 350 ਸਾਲਾ ਸ਼ਹੀਦੀ ਦਿਵਸ ਨੂੰ ਦਿੱਤੀ ਗਈ ਮਾਨਤਾ ਅਤੇ ਸਤਿਕਾਰ




**ਨਵੀਂ ਦਿੱਲੀ 18 ਅਕਤੂਬਰ (ਮਨਪ੍ਰੀਤ ਸਿੰਘ ਖਾਲਸਾ):**- ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਦੇ ਉਪਰਾਲਿਆਂ ਸਦਕਾ, ਸਿੱਖ ਕੌਮ ਲਈ ਇਹ ਇਤਿਹਾਸਿਕ ਬਣ ਗਿਆ ਹੈ ਕਿ ਸੰਸਾਰ ਭਰ ਦੀ ਸੁਪਰੀਮ ਪਾਵਰ ਅਮਰੀਕਾ ਵਿੱਚ ਪੈਨਸਿਲਵੇਨੀਆਂ ਤੋਂ ਕਾਂਗਰਸਮੈਨ ਬ੍ਰੈਂਡਨ ਬਾਇਲੇ ਦੇ ਯਤਨਾਂ ਸਦਕਾ ਕਾਂਗਰਸ ਹਾਊਸ ਵਿੱਚ ਸਿੱਖਾ ਦੇ ਨੌਵੇ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇ ਸ਼ਹੀਦੀ ਦਿਹਾੜੇ ਨੂੰ ਸਤਿਕਾਰ ਅਤੇ ਮਾਨਤਾ ਦਿੱਤੀ ਗਈ । ਇਸ ਮੌਕੇ ਉਨ੍ਹਾਂ ਆਪਣੇ ਸੰਦੇਸ਼ ਦੌਰਾਨ ਕਿਹਾ ਕਿ, ਗੁਰੂ ਤੇਗ. ਬਹਾਦਰ ਸਾਹਿਬ ਜੀ ਦੀ ਸ਼ਹਾਦਤ ਅਤੇ ਉਹਨਾਂ ਦੇ ਪਿਆਰੇ ਗੁਰਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੀ ਸ਼ਹਾਦਤ ਦੁਨੀਆ ਲਈ ਇਕ ਚਾਨਣ ਮੁਨਾਰੇ ਵਾਂਗ ਹੈ । ਓਹਨਾ ਅੱਗੇ ਕਿਹਾ ਕਿ ਗੁਰੂ ਸਾਹਿਬ ਨੇ ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਅਤਿਆਚਾਰ ਤੇ ਹਿੰਦੂ ਧਰਮ ਨੂੰ ਖਤਮ ਕਰਨ ਦੀ ਮੁਹਿੰਮ ਦਾ ਦਲੇਰੀ ਨਾਲ ਸਾਹਮਣਾ ਕੀਤਾ ਅਤੇ ਹਰੇਕ ਵਿਅਕਤੀ ਦੇ ਆਪਣੇ ਵਿਸ਼ਵਾਸ ਦੀ ਆਜ਼ਾਦੀ ਨਾਲ ਪਾਲਣਾ ਕਰਨ ਦੇ ਅਧਿਕਾਰ ਦੀ ਰੱਖਿਆ ਦੇ ਨਾਲ ਨਾਲ ਦੂਜਿਆਂ ਦੇ ਅਧਿਕਾਰਾਂ ਦੀ ਰੱਖਿਆ ਕਰਨ ਅਤੇ ਮਨੁੱਖੀ ਮਾਣ, ਜ਼ਮੀਰ ਦੀ ਆਜ਼ਾਦੀ, ਕਿਸੇ ਦੇ ਵਿਸ਼ਵਾਸਾਂ ਅਨੁਸਾਰ ਪੂਜਾ ਕਰਨ ਦੇ ਅਧਿਕਾਰ ਦੇ ਸਰਵ ਵਿਆਪਕ ਸਿਧਾਂਤਾਂ ਨੂੰ ਬਰਕਰਾਰ ਰੱਖਣ ਲਈ ਉਨ੍ਹਾਂ ਦੀ ਅੰਤਿਮ ਕੁਰਬਾਨੀ ਲਈ ਉਨ੍ਹਾਂ ਨੂੰ ਪਿਆਰ ਨਾਲ ਸ੍ਰਿਸ਼ਟੀ ਦੀ ਚਾਦਰ ਅਤੇ ਮਨੁੱਖਤਾ ਦੇ ਅਧਿਕਾਰਾਂ ਦੀ ਢਾਲ ਵਜੋਂ ਯਾਦ ਕੀਤਾ ਜਾਂਦਾ ਹੈ । ਸਿੱਖ ਭਾਈਚਾਰਾ, ਜਿਸਦੀਆਂ ਜੜ੍ਹਾਂ ਨਨਕਾਣਾ ਸਾਹਿਬ, ਪੰਜਾਬ ਜੋ ਕਿ ਹੁਣ ਪਾਕਿਸਤਾਨ ਵਿੱਚ ਸਥਿਤ ਹੈ ਅਤੇ ਪੂਰੀ ਦੁਨੀਆ ਵਿੱਚ ਫੈਲੀਆ ਹੋਈਆਂ ਹਨ । ਸਿੱਖਾ ਨੇ ਇੱਕ ਸਦੀ ਤੋਂ ਵੱਧ ਸਮਾਂ ਪਹਿਲਾਂ ਅਮਰੀਕਾ ਵਿੱਚ ਪਰਵਾਸ ਕਰਨਾ ਸ਼ੁਰੂ ਕੀਤਾ ਸੀ। ਇਨ੍ਹਾਂ ਸ਼ਾਨਦਾਰ ਅਮਰੀਕੀਆਂ ਨੇ ਕੀਅਸਟੋਨ ਦੇ ਵਿਕਾਸ ਅਤੇ ਜੀਵਨਸ਼ਕਤੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ ਅਤੇ ਸਹਿਣਸ਼ੀਲਤਾ, ਸੇਵਾ ਅਤੇ ਨਾਗਰਿਕ ਸ਼ਮੂਲੀਅਤ ਪ੍ਰਤੀ ਆਪਣੀ ਵਚਨਬੱਧਤਾ ਰਾਹੀਂ ਆਪਣੇ ਭਾਈਚਾਰਿਆਂ ਨੂੰ ਅਮੀਰ ਬਣਾਇਆ ਹੈ। ਇਹ ਅਸਾਧਾਰਨ ਆਦਰਸ਼ ਸਮਾਨਤਾ, ਭਾਈਚਾਰੇ ਅਤੇ ਸਤਿਕਾਰ ਰਾਹੀਂ ਸ਼ਾਂਤੀ ਦੀ ਭਾਲ ਕਰਨ ਦੀ ਸਿੱਖ ਪਰੰਪਰਾ ਨੂੰ ਦਰਸਾਉਂਦੇ ਹਨ, ਜਦੋਂ ਕਿ ਪਵਿੱਤਰ ਸਿੱਖਿਆਵਾਂ ਅਤੇ ਇਮਾਨਦਾਰ ਕੰਮ, ਦਾਨ, ਸਵੈ-ਸੇਵਾ ਅਤੇ ਲੋੜਵੰਦਾਂ ਨਾਲ ਸਾਂਝਾ ਕਰਨ ਦੇ ਪ੍ਰਸ਼ੰਸਾਯੋਗ ਸਿਧਾਂਤਾਂ ਰਾਹੀਂ ਆਪਸੀ ਵੰਡ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਦੇ ਹਨ । ਜਿੱਥੇ ਭਾਰਤ ਵਿੱਚ ਸਿੱਖਾਂ ਨੂੰ ਹਰ ਪੱਖੋਂ ਦਬਾਇਆ ਜਾ ਰਿਹਾ ਹੈ । ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਵੀਰ ਬਾਲ ਦਿਵਸ ਕਹਿ ਕੇ ਨੀਵਾਂ ਦਿਖਾਉਣ ਦੇ ਕੋਝੇ ਯਤਨ ਕੀਤੇ ਜਾ ਰਹੇ ਹਨ । ਉੱਥੇ ਵਿਦੇਸ਼ਾਂ ਵਿੱਚ ਸਿੱਖ ਫਲਸਫੇ ਪ੍ਰਤੀ ਸਤਿਕਾਰ ਅਤੇ ਗੁਰੂ ਸਾਹਿਬਾਨਾ ਦੀਆਂ ਸਿੱਖਿਆਵਾਂ ਅਤੇ ਕੁਰਬਾਨੀਆਂ ਨੂੰ ਸਿਜਦਾ ਕਰਕੇ ਮਾਨਤਾ ਦਿੱਤੀ ਜਾ ਰਹੀ ਹੈ ।

### ਨਿਊ ਲਿਟਲ ਸਕਾਲਰਜ਼ ਅਕੈਡਮੀ ਦੇ ਬੱਚਿਆਂ ਨੇ ਦਿਵਾਲੀ 'ਤੇ

# ਬੂਟੇ ਵੰਡੇ ਤੇ ਬਜ਼ੁਰਗਾਂ ਨਾਲ ਖੁਸ਼ੀ ਸਾਂਝੀ ਕੀਤੀ





**ਚੌਕ ਮਹਿਤਾ ,18 ਅਕਤੂਬਰ,,( ਬਾਬਾ ਸੁਖਵੰਤ ਸਿੰਘ ਚੰਨਣਕੇ )**- ਨਿਊ ਲਿਟਲ ਸਕਾਲਰਜ਼ ਅਕੈਡਮੀ ਵੱਲੋਂ ਇਸ ਵਾਰ ਦੀ ਦਿਵਾਲੀ ਨੂੰ ਵਿਲੱਖਣ ਢੰਗ ਨਾਲ ਮਨਾਇਆ ਗਿਆ। ਸਕੂਲ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਮਿਲ ਕੇ ਨੇੜਲੇ ਇਲਾਕਿਆਂ ਵਿੱਚ ਬੂਟੇ ਵੰਡ ਕੇ ਲੋਕਾਂ ਨੂੰ ਹਰੇ-ਭਰੇ ਵਾਤਾਵਰਣ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ। ਇਸ ਦੇ ਨਾਲ ਹੀ ਸਕੂਲ ਵੱਲੋਂ ਵਿਰਿਧ ਆਸ਼ਰਮ ਦਾ ਦੌਰਾ ਕਰਕੇ ਬਜ਼ੁਰਗਾਂ ਨਾਲ ਦਿਵਾਲੀ ਦੀ ਖ਼ੁਸ਼ੀ ਸਾਂਝੀ ਕੀਤੀ ਗਈ ਅਤੇ ਉਨ੍ਹਾਂ ਨੂੰ ਬੈਡਸ਼ੀਟਾਂ ਅਤੇ ਹੋਰ ਲੋੜੀਂਦੀਆਂ ਵਸਤਾਂ ਭੇਟ ਕੀਤੀਆਂ ਗਈਆਂ। ਸਕੂਲ ਦੇ ਪ੍ਰਿੰਸਿਪਲ ਨੇ ਕਿਹਾ ਕਿ ਦਿਵਾਲੀ ਦਾ ਅਸਲੀ ਅਰਥ ਸਿਰਫ਼ ਦੀਏ ਜਲਾਉਣਾ ਨਹੀਂ, ਸਗੋਂ ਦਿਲਾਂ ਨੂੰ ਰੌਸ਼ਨ ਕਰਨਾ ਹੈ। ਇਸ ਮੁਹਿੰਮ ਰਾਹੀਂ ਬੱਚਿਆਂ ਵਿੱਚ ਸਮਾਜ ਸੇਵਾ ਅਤੇ ਪਰਿਆਵਰਣ ਪ੍ਰੇਮ ਦਾ ਸੁਨੇਹਾ ਪਹੁੰਚਾਉਣਾ ਹੀ ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਸੀ।

# ਰਾਹੁਲ ਗਾਂਧੀ ਪਾਸਪੋਰਟ ਦੇ ਮਾਮਲੇ 'ਚ ਖ਼ੁਦ ਸਚਾਈ ਦੱਸਣ ਲਈ ਅੱਗੇ ਆਉਣ : ਜੋਗਿੰਦਰ ਸਿੰਘ ਸਲਾਰੀਆ

**ਪਠਾਨਕੋਟ. 18 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਪੀਸੀਟੀ ਹਿਊਮਨਟੀ ਦੇ ਬਾਨੀ ਸ. ਜੋਗਿੰਦਰ ਸਿੰਘ ਸਲਾਰੀਆ ਨੇ ਬ੍ਰਿਟਿਸ਼ ਪਾਸਪੋਰਟ ਰੱਖਣ ਦੇ ਵਿਵਾਦਾਂ ਵਿਚ ਘਿਰੇ ਵਿਰੋਧੀ ਧਿਰ ਦੇ ਨੇਤਾ ਅਤੇ ਕਾਂਗਰਸੀ ਆਗੂ ਰਾਹੁਲ ਗਾਂਧੀ ਨੂੰ ਇਸ ਮਾਮਲੇ ਵਿਚ ਆਪਣੀ ਸਥਿਤੀ ਸਪਸ਼ਟ ਕਰਨ ਲਈ ਖ਼ੁਦ ਅੱਗੇ ਆਉਣ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਕੁਝ ਸਿਆਸਤਦਾਨਾਂ ਵੱਲੋਂ ਰਾਹੁਲ ਗਾਂਧੀ ਕੋਲ ਬ੍ਰਿਟਿਸ਼ ਪਾਸਪੋਰਟ ਦੀ ਮੌਜੂਦਗੀ ਦੇ ਦਾਅਵੇ ਕੀਤੇ ਜਾ ਰਹੇ ਹਨ, ਅਜਿਹੀ ਸਥਿਤੀ ਵਿਚ ਲੋਕ ਸਚਾਈ ਜਾਣਨਾ ਚਾਹੁੰਦੇ ਹਨ। ਸ. ਸਲਾਰੀਆ ਨੇ ਕਿਹਾ ਕਿ ਭਾਰਤੀ ਨਾਗਰਿਕ ਕਾਨੂੰਨ ਦੇ ਪਾਸਪੋਰਟ ਐਕਟ, 1967 ਅਨੁਸਾਰ ਇੱਕ ਵਿਅਕਤੀ ਇੱਕੋ ਸਮੇਂ ਸਿਰਫ਼ ਇੱਕ ਭਾਰਤੀ ਪਾਸਪੋਰਟ ਰੱਖ ਸਕਦਾ ਹੈ। ਦੂਜੇ ਦੇਸ਼ ਦਾ ਪਾਸਪੋਰਟ ਰੱਖਣਾ ਭਾਰਤ ਵਿੱਚ ਗ਼ੈਰਕਨੂੰਨੀ ਹੈ। ਜੇ ਕਿਸੇ ਨੇ ਦੂਸਰੇ ਦੇਸ਼ ਦਾ ਪਾਸਪੋਰਟ ਰੱਖਦੇ ਹੋਏ ਭਾਰਤ ਵਿੱਚ ਪਾਰਲੀਮੈਂਟ ਮੈਂਬਰਸ਼ਿਪ ਲਈ ਦਾਖ਼ਲਾ ਦਿੱਤਾ, ਤਾਂ ਇਹ ਨਾਗਰਿਕਤਾ ਅਤੇ ਲੀਡਰਸ਼ਿਪ ਦੀ ਅਸਲੀਅਤ 'ਤੇ ਸਵਾਲ ਖੜ੍ਹਾ ਕਰਦਾ ਹੈ। ਭਾਰਤ ਦੇ ਕਾਨੂੰਨ ਮੁਤਾਬਕ, ਦੂਸਰੇ ਦੇਸ਼ ਦੇ ਪਾਸਪੋਰਟ ਰੱਖ ਕੇ ਪਾਰਲੀਮੈਂਟ ਵਿੱਚ ਪਹੁੰਚਣਾ ਅਸੰਵਿਧਾਨਿਕ ਹੈ, ਅਤੇ ਇਸ ਨਾਲ ਨਾਗਰਿਕਤਾ, ਚੋਣ ਅਤੇ ਲੋਕਤੰਤਰ 'ਤੇ ਸਵਾਲ ਉੱਠ ਸਕਦੇ ਹਨ। ਉਨ੍ਹਾਂ ਕਿਹਾ ਕਿ ਬਿਨਾ ਠੋਸ ਤੇ ਪੁਖ਼ਤਾ ਸਰਕਾਰੀ ਸਬੂਤਾਂ ਦੇ ਕਿਸੇ ਵੀ ਵਿਅਕਤੀ 'ਤੇ ਦੋਸ਼ ਲਗਾਉਣਾ ਵੀ ਗ਼ਲਤ ਹੋਵੇਗਾ। ਭਾਰਤ ਦੇ ਨਾਗਰਿਕਾਂ ਅਤੇ ਚੁਣੇ ਹੋਏ ਪ੍ਰਤੀਨਿਧੀਆਂ ਦੀ ਇਮਾਨਦਾਰੀ ਅਤੇ ਪਾਰਦਰਸ਼ਤਾ ਜ਼ਰੂਰੀ ਹੈ। ਜੇ ਕੋਈ ਰਾਜਨੀਤਿਕ ਆਗੂ ਕਾਨੂੰਨ ਦਾ ਉਲੰਘਣ ਕਰਦਾ ਹੈ ਤਾਂ ਇਹ ਭਾਰਤ ਦੀ ਲੋਕਤੰਤਰਿਕ ਪ੍ਰਕਿਰਿਆ ਲਈ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਕੀ ਅਸਲ ਵਿਚ ਰਾਹੁਲ ਗਾਂਧੀ ਕੋਲ ਦਾਅਵੇ ਅਨੁਸਾਰ ਤਿੰਨ ਪਾਸਪੋਰਟ ਹਨ ? ਕੀ ਲੰਡਨ ਵਿੱਚ ਇੱਕ ਪਾਸਪੋਰਟ ਜਿਸ ਦਾ ਨਾਮ "ਰਾਹੁਲ ਵਿਨਸੀ" ਦੱਸਿਆ ਜਾ ਰਿਹਾ ਹੈ, ਉਨ੍ਹਾਂ ਦਾ ਹੀ ਹੈ ? ਕੀ ਰਾਹੁਲ ਗਾਂਧੀ ਨੇ ਵਾਕਿਆ ਹੀ ਭਾਰਤ ਵਿੱਚ ਨਾਮ ਬਦਲ ਕੇ ਪਾਸਪੋਰਟ ਬਣਾ ਰਖਿਆ ਹੈ। ਕੀ ਉਨ੍ਹਾਂ ਦਾ ਇਟਲੀ ਵਿੱਚ ਵੀ ਕਥਿਤ ਇੱਕ ਹੋਰ ਪਾਸਪੋਰਟ ਹੈ ? ਸ. ਸਲਾਰੀਆ ਨੇ ਕਿਹਾ ਕਿ ਇਨ੍ਹਾਂ ਵਿਚ ਰੱਤੀ ਜਿੰਨੀ ਵੀ ਸਚਾਈ ਹੈ ਤਾਂ ਇਹ ਸਪਸ਼ਟ ਤੌਰ ਤੇ ਕਾਨੂੰਨ ਦਾ ਉਲੰਘਣ ਹੈ। ਭਾਰਤ ਵਿੱਚ ਦੂਸਰੇ ਦੇਸ਼ ਦਾ ਪਾਸਪੋਰਟ ਰੱਖਣ ਵਾਲਾ ਵਿਅਕਤੀ ਸਿੱਧੇ ਤੌਰ 'ਤੇ ਲੋਕ ਸਭਾ ਜਾਂ ਰਾਜ ਸਭਾ ਦਾ ਮੈਂਬਰ ਨਹੀਂ ਬਣ ਸਕਦਾ। ਅਜਿਹੇ ਇਲਜ਼ਾਮ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ 'ਤੇ ਲਗਦੇ ਹਨ ਤਾਂ ਇਕ ਗੰਭੀਰ ਮਾਮਲਾ ਹੈ। ਇਹ ਭਰੋਸੇਯੋਗਤਾ ਦਾ ਘਾਣ ਹੈ ਅਤੇ ਦੇਸ਼ ਨਾਲ ਧੋਖਾ ਹੈ। ਉਨ੍ਹਾਂ ਸਿਆਸੀ ਆਗੂਆਂ ਨੂੰ ਬਿਨਾ ਕਿਸੇ ਸਬੂਤ 'ਤੇ ਕਿਸੇ ਨੂੰ ਬਦਨਾਮ ਨਾ ਕਰਨ ਦੀ ਸਲਾਹ ਦਿੱਤੀ ਅਤੇ ਕਿਹਾ ਕਿ ਜੇਕਰ ਉਹਨਾਂ ਕੋਲ ਸਬੂਤ ਹਨ ਤਾਂ ਉਹ ਲੋਕਾਂ ਦੀ ਕਚਹਿਰੀ ਵਿਚ ਰੱਖਣਾ ਚਾਹੀਦਾ ਹੈ। ਉਨ੍ਹਾਂ ਸਰਕਾਰ ਨੂੰ ਵੀ ਕਿਹਾ ਕਿ ਮਾਮਲੇ ਦੀ ਜਾਂਚ ਕੀਤੀ ਜਾਵੇ ਅਤੇ ਜੇਕਰ ਰਾਹੁਲ ਗਾਂਧੀ ਪਾਸਪੋਰਟ ਅਤੇ ਨਾਗਰਿਕਤਾ ਦੇ ਮਾਮਲੇ 'ਚ ਗ਼ਲਤ ਪਾਇਆ ਜਾਂਦਾ ਹੈ ਤਾਂ ਕਾਨੂੰਨੀ ਤੌਰ 'ਤੇ ਕਾਰਵਾਈ ਕੀਤੀ ਜਾਵੇ।



# ਕੈਬਨਿਟ ਮੰਤਰੀ ਅਮਨ ਅਰੋੜਾ ਦੇ ਨਿਰਦੇਸ਼ਾਂ 'ਤੇ ਐੱਸ.ਡੀ.ਐੱਮ. ਚਰਨਜੋਤ ਸਿੰਘ ਵਾਲੀਆ ਨੇ ਹਲਕਾ ਸੁਨਾਮ ਦੇ 09 ਹੜ੍ਹ ਪੀੜਤਾਂ ਨੂੰ ਮੁਆਵਜ਼ਾ ਰਾਸ਼ੀ ਦੇ ਮਨਜ਼ੂਰੀ ਪੱਤਰ ਸੌਂਪੇ



**ਸੁਨਾਮ ( ਰਣਜੀਤ ਸਿੰਘ ਪੇਧਨੀ )**-ਪੰਜਾਬ ਸਰਕਾਰ ਵੱਲੋਂ ਹੜ੍ਹ ਪੀੜਤਾਂ ਨੂੰ ਸਮੇਂ ਸਿਰ ਰਾਹਤ ਪ੍ਰਦਾਨ ਕਰਨ ਦੇ ਉਪਰਾਲਿਆਂ ਨੂੰ ਅੱਗੇ ਵਧਾਉਂਦਿਆਂ, ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਉਪ ਮੰਡਲ ਮੈਜਿਸਟਰੇਟ ਸੰਗਰੂਰ, ਸ. ਚਰਨਜੋਤ ਸਿੰਘ ਵਾਲੀਆ ਨੇ ਅੱਜ ਵਿਧਾਨ ਸਭਾ ਹਲਕਾ ਸੁਨਾਮ ਦੇ 09 ਹੜ੍ਹ ਪੀੜਤਾਂ ਨੂੰ ਕੈਬਨਿਟ ਮੰਤਰੀ ਸ਼੍ਰੀ ਅਰੋੜਾ ਦੇ ਦਫਤਰ ਵਿਖੇ ਮੁਆਵਜ਼ਾ ਰਾਸ਼ੀ ਦੇ ਮਨਜ਼ੂਰੀ ਪੱਤਰ ਸੌਂਪੇ। ਇਹਨਾਂ ਹੜ੍ਹ ਪੀੜਤਾਂ ਵਿੱਚ ਪਿੰਡ ਉਭਾਵਾਲ ਦੇ ਜੀਤ ਸਿੰਘ ਤੇ ਨਿਰਮਲ ਸਿੰਘ, ਪਿੰਡ ਬਹਾਦਰਪੁਰ ਦੇ ਲਾਭ ਸਿੰਘ, ਪਿੰਡ ਦੁੱਗਾਂ ਦੇ ਗੁਲਜ਼ਾਰ ਸਿੰਘ ਤੇ ਚਮਕੌਰ ਸਿੰਘ ਅਤੇ ਪਿੰਡ ਕੁੰਨਰਾਂ ਦੇ ਕੁਲਜੀਤ ਸਿੰਘ, ਗੁਲਜ਼ਾਰ ਸਿੰਘ, ਪਰਮਜੀਤ ਕੌਰ ਅਤੇ ਸੁਖਦੀਪ ਸਿੰਘ ਸ਼ਾਮਲ ਹਨ। ਇਸ ਮੌਕੇ ਐੱਸ.ਡੀ.ਐੱਮ. ਵਾਲੀਆ ਨੇ ਦੱਸਿਆ ਕਿ ਭਾਰੀ ਬਰਸਾਤ ਜਾਂ ਹੜ੍ਹ ਵਰਗੇ ਹਾਲਾਤ ਕਾਰਨ ਜਿਹੜੇ ਲੋਕਾਂ ਦਾ ਨੁਕਸਾਨ ਹੋਇਆ ਹੈ, ਉਹਨਾਂ ਦੀ ਮਦਦ ਲਈ ਪਾਰਦਰਸ਼ੀ ਤਰੀਕੇ ਨਾਲ ਮੁਆਵਜ਼ਾ ਰਾਸ਼ੀ ਜਾਰੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਦੀ ਭਲਾਈ ਲਈ ਹਰ ਸੰਭਵ ਕਦਮ ਚੁੱਕੇ ਜਾ ਰਹੇ ਹਨ, ਤਾਂ ਜੋ ਕੋਈ ਵੀ ਪੀੜਤ ਪਰਿਵਾਰ ਮਦਦ ਤੋਂ ਵਾਂਝਾ ਨਾ ਰਹੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹੜ੍ਹ ਪੀੜਤਾਂ ਦੀ ਪੂਰੀ ਸਹਾਇਤਾ ਯਕੀਨੀ ਬਣਾਈ ਜਾ ਰਹੀ ਹੈ ਅਤੇ ਜਿੱਥੇ ਵੀ ਜਿਸ ਵੀ ਕਿਸਮ ਦੀ ਲੋੜ ਹੈ, ਉਹ ਸਰਕਾਰ ਵੱਲੋਂ ਪੂਰੀ ਕੀਤੀ ਜਾ ਰਹੀ ਹੈ। ਐੱਸ.ਡੀ.ਐੱਮ. ਨੇ ਇਹ ਵੀ ਦੱਸਿਆ ਕਿ ਹੜ੍ਹ ਪੀੜਤਾਂ ਨੂੰ ਰਾਹਤ ਦੇਣ ਦਾ ਇਹ ਸਿਲਸਿਲਾ ਲਗਾਤਾਰ ਜਾਰੀ ਹੈ ਅਤੇ ਜਿਨ੍ਹਾਂ ਮਾਮਲਿਆਂ ਦੀ ਤਸਦੀਕ ਪ੍ਰਕਿਰਿਆ ਪੂਰੀ ਹੋ ਰਹੀ ਹੈ, ਉਹਨਾਂ ਨੂੰ ਮੁਆਵਜ਼ਾ ਰਾਸ਼ੀ ਦੇ ਮਨਜ਼ੂਰੀ ਪੱਤਰ ਦਿੱਤੇ ਜਾ ਰਹੇ ਹਨ। ਇਸ ਮੌਕੇ ਮਾਰਕੀਟ ਕਮੇਟੀ ਸੰਗਰੂਰ ਦੇ ਚੇਅਰਮੈਨ ਅਤੇ ਹਲਕਾ ਸੁਨਾਮ ਦੇ ਸੰਗਠਨ ਇੰਚਾਰਜ ਅਵਤਾਰ ਸਿੰਘ ਈਲਵਾਲ, ਮਾਰਕੀਟ ਕਮੇਟੀ ਸੁਨਾਮ ਦੇ ਚੇਅਰਮੈਨ ਮੁਕੇਸ਼ ਜੁਨੇਜਾ, ਦਰਸ਼ਨ ਸਿੰਘ ਦੁੱਗਾਂ, ਵਿੱਕੀ ਸਰਪੰਚ ਕੁੰਨਰਾਂ, ਸੰਦੀਪ ਜਿੰਦਲ ਬਲਾਕ ਪ੍ਰਧਾਨ ਸੁਨਾਮ, ਪੀ.ਏ. ਸੰਜੀਵ ਸੰਜੂ ਹਾਜ਼ਰ ਸਨ।

# ਇੰਡੀਅਨ ਸੋਸ਼ਲ ਵੈਲਫੇਅਰ ਸੁਸਾਇਟੀ ਨੇ ਚਮੜੀ ਰੋਗ ਜਾਂਚ ਕੈਂਪ ਲਾਇਆ

**ਫ਼ਿਰੋਜ਼ਪੁਰ, 18 ਅਕਤੂਬਰ (ਮਨੋਹਰ ਲਾਲ)** :—ਮੌਸਮੀ ਬਿਮਾਰੀਆਂ ਅਤੇ ਚਮੜੀ ਰੋਗਾਂ ਤੋਂ ਬਚਾਓ ਲਈ ਇੰਡੀਅਨ ਸੋਸ਼ਲ ਵੈਲਫੇਅਰ ਸੁਸਾਇਟੀ ਵੱਲੋਂ ਗੁਰਦੁਆਰਾ ਗੁਰੂ ਨਾਨਕ ਦਰਬਾਰ ਗਾਂਧੀ ਨਗਰ ਫ਼ਿਰੋਜ਼ਪੁਰ ਸ਼ਹਿਰ ਵਿਖੇ ਇਕ ਚਮੜੀ ਜਾਂਚ ਕੈਂਪ ਲਗਾਇਆ ਗਿਆ। ਇਸ ਕੈਂਪ ਵਿਚ ਡਾ: ਜੀ.ਐਸ ਢਿੱਲੋਂ ਚਮੜੀ ਰੋਗਾਂ ਦੇ ਮਾਹਿਰ ਨੇ ਲਗਭਗ 50 ਮਰੀਜਾਂ ਦੀ ਜਾਂਚ ਕੀਤੀ ਅਤੇ ਉਨ੍ਹਾਂ ਨੂੰ ਮੁਫਤ ਦਵਾਈਆਂ ਵੀ ਮੁਹਇਆ ਕਰਵਾਈਆਂ ਗਈਆਂ। ਇਸ ਮੌਕੇ ਤੇ ਸੰਸਥਾ ਦੇ ਮੈਂਬਰ ਸ਼੍ਰੀ ਯਸ਼ਪਾਲ ਸ਼ਰਮ ਜਨਰਲ ਸਕੱਤਰ, ਪਰਮੋਦ ਕੁਮਾਰ ਕਪੂਰ ਸੀ. ਉਪ ਪ੍ਰਧਾਨ, ਗੁਰਪ੍ਰੀਤ ਸਿੰਘ ਜੁਇੰਟ ਸਕੱਤਰ, ਅਸ਼ੋਕ ਕੁਮਾਰ ਸਕੱਤਰ ਅਤੇ ਸਮਰਥ ਸਿੰਘ ਬਾਬਾ ਵੀ ਹਾਜ਼ਰ ਸਨ। ਇਸ ਮੌਕੇ ਸੰਸਥਾ ਦੇ ਆਗੂਆਂ ਨੇ ਕਿਹਾ ਕਿ ਭਵਿੱਖ ਵਿਚ ਵੀ ਸੰਸਥਾ ਵੱਲੋਂ ਇਸ ਤਰ੍ਹਾਂ ਦੇ ਕੈਂਪ ਲਗਾਏ ਜਾਣਗੇ ਤਾਂ ਜੋ ਲੋਕਾਂ ਨੂੰ ਸਿਹਤ ਸੇਵਾਵਾਂ ਮਿਲ ਸਕੇ ਅਤੇ ਲੋਕ ਨਿਰੋਗ ਹੋ ਸਕਣ।



### 350 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਦਿੱਲੀ 'ਚ ਸੈਮੀਨਾਰ ਦੌਰਾਨ

# ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਦਾ ਮਤਾ ਪਾਸ










**ਨਵੀਂ ਦਿੱਲੀ, 18 ਅਕਤੂਬਰ (ਮਨਪ੍ਰੀਤ ਸਿੰਘ ਖਾਲਸਾ):-** ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਲੀ ਵਿਖੇ ਕਰਵਾਏ ਗਏ ਵਿਸ਼ਾਲ ਸੈਮੀਨਾਰ ਦੌਰਾਨ ਬੰਦੀ ਸਿੰਘਾਂ ਦੀ ਰਿਹਾਈ ਦੀ ਜ਼ੋਰਦਾਰ ਮੰਗ ਕਰਦਾ ਮਤਾ ਪੇਸ਼ ਕੀਤਾ ਗਿਆ, ਜਿਸ ਨੂੰ ਹਾਜ਼ਰੀਨ ਨੇ ਹੱਥ ਖੜ੍ਹੇ ਕਰਕੇ ਤੇ ਜੈਕਾਰੇ ਲਗਾ ਕੇ ਸਮਰਥਨ ਦਿੱਤਾ। ਇੰਡੀਆ ਹੈਬੀਟੈਟ ਸੈਂਟਰ ਦੇ ਸਟੇਨ ਆਡੀਟੋਰੀਅਮ ਵਿਖੇ 'ਗੁਰੂ ਤੇਗ ਬਹਾਦਰ ਸਾਹਿਬ ਜੀ ਧਰਮ ਦੀ ਚਾਦਰ' ਵਿਸ਼ੇ ਤੇ ਕਰਵਾਏ ਗਏ ਇਸ ਸੈਮੀਨਾਰ 'ਚ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ, ਬਾਬਾ ਦਵਿੰਦਰ ਸਿੰਘ ਬੜੂ ਸਾਹਿਬ ਅਤੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਨੇ ਸੰਬੋਧਨ ਕੀਤਾ, ਜਦਕਿ ਪ੍ਰਸਿੱਧ ਵਿਦਵਾਨ ਡਾ. ਜਸਪਾਲ ਸਿੰਘ ਸਾਬਕਾ ਵਾਈਸ ਚਾਂਸਲਰ, ਡਾ. ਮਨਮੋਹਨ ਸਿੰਘ ਸਾਬਕਾ ਆਈਪੀਐਸ, ਸਾਬਕਾ ਸਫੀਰ ਸ. ਕੇਸੀ ਸਿੰਘ, ਪ੍ਰੋ. ਹਿਮਾਦਰੀ ਬੈਨਰਜੀ, ਡਾ. ਪਰਮਵੀਰ ਸਿੰਘ, ਪ੍ਰੋ ਰਾਜ ਕੁਮਾਰ ਹੰਸ, ਪ੍ਰੋ. ਧਰਮ ਸਿੰਘ ਅਤੇ ਡਾ. ਹਰਿੰਦਰ ਸਿੰਘ ਨੇ ਆਪਣੇ ਖੋਜ ਭਰਪੂਰ ਪਰਚੇ ਪੜ੍ਹੇ। ਇਸ ਮੌਕੇ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਦੂਜਿਆਂ ਦੇ ਧਰਮ ਦੀ ਰੱਖਿਆ ਲਈ ਸ਼ਹਾਦਤ ਦਿੱਤੀ, ਜੋ ਦੁਨੀਆ ਦੇ ਇਤਿਹਾਸ ਵਿੱਚ ਮਿਸਾਲੀ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੀ ਇਸ ਕੁਰਬਾਨੀ ਸਦਕਾ ਹੀ ਭਾਰਤ ਦਾ ਸਭਿਆਚਾਰ ਜਿੰਦਾ ਹੈ। ਦਿੱਲੀ ਅੰਦਰ ਲਾਲ ਕਿਲ੍ਹੇ 'ਤੇ ਦੇਸ਼ ਦਾ ਝੰਡਾ ਸਿੱਖ ਗੁਰੂਆਂ ਦੀ ਕੁਰਬਾਨੀ ਕਰਕੇ ਹੈ। ਉਨ੍ਹਾਂ ਕਿਹਾ ਕਿ ਨੌਵੇਂ ਪਾਤਸ਼ਾਹ ਦੀ ਸ਼ਹਾਦਤ ਧਰਮਾਂ ਦੀ ਅਜ਼ਾਦੀ ਤੇ ਮਨੁੱਖੀ ਹੱਕਾਂ ਦੀ ਰਖਵਾਲੀ ਲਈ ਸੀ, ਪਰ ਦੁਖਦ ਪਹਿਲੂ ਇਹ ਹੈ ਕਿ ਅੱਜ ਆਪਣੇ ਹੀ ਦੇਸ਼ ਅੰਦਰ ਸਿੱਖਾਂ ਨਾਲ ਅਨਿਆਂ ਕੀਤਾ ਜਾ ਰਿਹਾ ਹੈ। ਸਿੱਖ ਬੰਦੀਆਂ ਨੂੰ ਤਿੰਨ ਤਿੰਨ ਦਹਾਕੇ ਜੇਲ੍ਹਾਂ ਕੱਟਣ ਬਾਅਦ ਵੀ ਰਿਹਾਅ ਨਹੀਂ ਕੀਤਾ ਜਾ ਰਿਹਾ।

ਐਡਵੋਕੇਟ ਧਾਮੀ ਨੇ ਕਿਹਾ ਕਿ ਬੰਦੀ ਸਿੱਖਾਂ ਦੀ ਰਿਹਾਈ ਦੀ ਮੰਗ ਕੋਈ ਭੀਖ ਨਹੀਂ ਹੈ ਸਗੋਂ ਇਹ ਸੰਵਿਧਾਨ ਅਨੁਸਾਰ ਹੱਕੀ ਮੰਗ ਹੈ, ਇਸ ਲਈ ਸਰਕਾਰ ਰਿਹਾਈ ਦਾ ਤੁਰੰਤ ਐਲਾਨ ਕਰੇ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਦਿੱਲੀ ਵਿਖੇ ਵਿਸ਼ੇਸ਼ ਸੈਮੀਨਾਰ ਸ਼ਲਾਘਾਯੋਗ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਉਸ ਵੇਲੇ ਦੀ ਮਜ਼ਲੂਮ ਧਿਰ ਦੇ ਤਿਲਕ ਤੇ ਜੰਞੂ ਦੀ ਰੱਖਿਆ ਲਈ ਆਪਣੀ ਸ਼ਹਾਦਤ ਦੇ ਕੇ ਧਾਰਮਿਕ ਅਜ਼ਾਦੀ ਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਦਾ ਵਿਲੱਖਣ ਸੰਦੇਸ਼ ਦਿੱਤਾ, ਜੋ ਸਾਰੀ ਮਨੁੱਖਤਾ ਲਈ ਪ੍ਰੇਰਣਾ ਸਰੋਤ ਹੈ। ਪਰੰਤੂ ਅੱਜ 350 ਸਾਲ ਬਾਅਦ ਜਦੋਂ ਅਸੀਂ ਇਸੇ ਦਿੱਲੀ ਦੀ ਧਰਤੀ ਜਿੱਥੇ ਗੁਰੂ ਸਾਹਿਬ ਜੀ ਨੂੰ ਸ਼ਹੀਦ ਕੀਤਾ ਗਿਆ ਸੀ ਵਿਖੇ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਯਾਦ ਕਰ ਰਹੇ ਹਾਂ, ਤਾਂ ਇਹ ਦੁਖਦਾਈ ਹੈ ਕਿ ਸਾਡੇ ਬੰਦੀ ਸਿੰਘ ਅਜੇ ਤਕ ਤਿਹਾੜ, ਪਟਿਆਲਾ ਅਤੇ ਬੁੜੈਲ ਜੇਲ੍ਹਾਂ ਵਿੱਚ ਕੈਦ ਹਨ। ਮਨੁੱਖੀ ਅਧਿਕਾਰਾਂ ਦੇ ਮੱਦੇਨਜ਼ਰ ਕੇਂਦਰ ਸਰਕਾਰ ਦੀ ਇਹ ਜਿੰਮੇਵਾਰੀ ਬਣਦੀ ਹੈ ਕਿ ਉਹ ਬੰਦੀ ਸਿੰਘਾਂ ਦੀ ਰਿਹਾਈ ਕਰਕੇ ਗੁਰੂ ਸਾਹਿਬ ਨੂੰ ਸਤਿਕਾਰ ਦੇਵੇ।

**ਸੈਮੀਨਾਰ ਵਿਚ ਜਥੇਦਾਰ ਕੁਲਦੀਪ ਸਿੰਘ ਗੜਗੱਜ, ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸ. ਸੁਖਬੀਰ ਸਿੰਘ ਬਾਦਲ ਤੇ ਸ. ਪਰਮਜੀਤ ਸਿੰਘ ਸਰਨਾ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਨੇ ਕੀਤੀ ਸ਼ਮੂਲੀਅਤ**

ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸਰਕਾਰਾਂ ਵੱਲੋਂ ਸਿੱਖਾਂ ਦੇ ਧਾਰਮਿਕ ਮਾਮਲਿਆਂ ਤੇ ਸੰਸਥਾਵਾਂ ਵਿੱਚ ਕੀਤੀ ਜਾ ਰਹੀ ਦਖਲਅੰਦਾਜ਼ੀ ਦੀ ਵੀ ਅਲੋਚਨਾ ਕੀਤੀ। ਉਨ੍ਹਾਂ ਆਖਿਆ ਕਿ ਗੁਰਦੁਆਰੇ ਸਿੱਖੀ ਦੇ ਪ੍ਰਚਾਰ ਕੇਂਦਰ ਹਨ ਅਤੇ ਉਨ੍ਹਾਂ ਦਾ ਪ੍ਰਬੰਧ ਸਰਕਾਰੀ ਨੁਮਾਇੰਦਿਆਂ ਕੋਲ ਨਹੀਂ, ਪੰਥਕ ਹੱਥਾਂ ਵਿੱਚ ਹੀ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਆਪਣੇ ਧਾਰਮਿਕ ਮਾਮਲਿਆਂ ਵਿੱਚ ਕਿਸੇ ਵੀ ਤਰ੍ਹਾਂ ਦਾ ਰਾਜਸੀ ਦਖਲ ਬਰਦਾਸ਼ਤ ਨਹੀਂ ਕਰੇਗੀ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸਿੱਖ ਕੌਮ ਦਾ ਇਤਿਹਾਸ ਬੇਮਿਸਾਲ ਕੁਰਬਾਨੀਆਂ ਨਾਲ ਭਰਿਆ ਹੋਇਆ ਹੈ, ਜਿਸ ਵਿਚ ਸ੍ਰੀ ਗੁਰੂ ਤੇਗ. ਬਹਾਦਰ ਸਾਹਿਬ ਜੀ ਦੀ ਸ਼ਹਾਦਤ ਅਹਿਮ ਹੈ। ਉਨ੍ਹਾਂ ਕਿਹਾ ਕਿ ਜੇ ਸ੍ਰੀ ਗੁਰੂ ਤੇਗ. ਬਹਾਦਰ ਸਾਹਿਬ ਜੀ ਨੇ ਸ਼ਹਾਦਤ ਨਾ ਦਿੱਤੀ ਹੁੰਦੀ ਤਾਂ ਦੇਸ਼ ਦੇ ਹਾਲਾਤ ਕੁਝ ਹੋਰ ਹੀ ਹੁੰਦੇ। ਸ. ਬਾਦਲ ਨੇ ਆਖਿਆ ਕਿ ਸਿੱਖ ਕੌਮ ਹਮੇਸ਼ਾ ਆਪਣੇ ਗੁਰੂ ਸਾਹਿਬਾਨ ਦੇ ਉਪਦੇਸ਼ਾਂ ਤੋਂ ਪ੍ਰੇਰਨਾ ਲੈ ਕੇ ਮਾਨਵਤਾ ਲਈ ਅੱਗੇ ਰਹਿੰਦੀ ਹੈ। ਦੇਸ਼ ਦੀ ਅਜ਼ਾਦੀ ਦੀ ਲੜਾਈ ਵਿਚ ਸਭ ਤੋਂ ਵੱਧ ਕੁਰਬਾਨੀਆਂ ਸਿੱਖਾਂ ਵੱਲੋਂ ਹੀ ਦਿੱਤੀਆਂ ਗਈਆਂ, ਜਿਸ ਦਾ ਆਧਾਰ ਗੁਰੂ ਸਾਹਿਬਾਨ ਦੇ ਆਦਰਸ਼ਾਂ 'ਤੇ ਹੀ ਟਿਕਿਆ ਹੈ। ਪਰੰਤੂ ਦੁੱਖ ਦੀ ਗੱਲ ਹੈ ਕਿ ਜਿਸ ਸਿੱਖ ਕੌਮ ਨੇ ਦੇਸ਼ ਲਈ ਕੁਰਬਾਨੀਆਂ ਦਿੱਤੀਆਂ, ਉਸ ਦੀਆਂ ਮਹਾਨ ਸੰਸਥਾਵਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਸਿੱਖ ਕੌਮ ਦੀ ਤਾਕਤ ਗੁਰਮਤਿ ਦੀ ਪ੍ਰੇਰਨਾ ਅਤੇ ਕੌਮੀ ਏਕਤਾ ਵਿੱਚ ਹੈ। ਜਦ ਤੱਕ ਸਿੱਖ ਕੌਮ ਗੁਰੂ ਸਾਹਿਬਾਨ ਦੇ ਅਸੂਲਾਂ 'ਤੇ ਡਟੀ ਰਹੇਗੀ, ਕੋਈ ਤਾਕਤ ਉਸ ਨੂੰ ਕਮਜ਼ੋਰ ਨਹੀਂ ਕਰ ਸਕਦੀ। ਉਨ੍ਹਾਂ ਗੁਰੂ ਸਾਹਿਬ ਦੀ ਸ਼ਹੀਦੀ ਸ਼ਤਾਬਦੀ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਰੱਖੇ ਸਮਾਗਮਾਂ ਵਿਚ ਸੰਗਤ ਨੂੰ ਵੱਧ ਤੋਂ ਵੱਧ ਸ਼ਮੂਲੀਅਤ ਦੀ ਅਪੀਲ ਕੀਤੀ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਰਘੁਜੀਤ ਸਿੰਘ ਵਿਰਕ, ਮੈਂਬਰ ਸ. ਬਲਦੇਵ ਸਿੰਘ ਕਾਇਮਪੁਰ, ਸ. ਹਰਭਜਨ ਸਿੰਘ ਮਸਾਨਾ, ਬਾਬਾ ਗੁਰਮੀਤ ਸਿੰਘ ਤਿਲੋਕੇਵਾਲਾ, ਸ. ਗੁਰਮਿੰਦਰ ਸਿੰਘ ਮਠਾਰੂ, ਸ. ਹਰਮਨਜੀਤ ਸਿੰਘ, ਨਿੱਜੀ ਸਕੱਤਰ ਸ. ਸਾਹਬਾਜ਼ ਸਿੰਘ, ਮੀਤ ਸਕੱਤਰ ਸ. ਜਸਵਿੰਦਰ ਸਿੰਘ ਜੱਸੀ, ਸ. ਹਰਭਜਨ ਸਿੰਘ ਵਕਤਾ, ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਸ. ਮਨਜੀਤ ਸਿੰਘ ਜੀ ਕੇ, ਮੈਂਬਰ ਸ. ਪਰਮਜੀਤ ਸਿੰਘ ਵੀਰਜੀ, ਸ. ਕਰਤਾਰ ਸਿੰਘ ਚਾਵਲਾ, ਸ. ਤਜਿੰਦਰ ਸਿੰਘ, ਸ. ਜਤਿੰਦਰ ਸਿੰਘ, ਸ. ਸਤਨਾਮ ਸਿੰਘ ਖਾਲਸਾ, ਸ. ਅਮਰੀਕ ਸਿੰਘ ਵਿਕਾਸਪੁਰੀ, ਸ. ਸੁਰਿੰਦਰ ਸਿੰਘ, ਸ. ਜਤਿੰਦਰ ਸਿੰਘ ਸਾਹਨੀ, ਸ. ਮੋਹਿੰਦਰ ਸਿੰਘ, ਸ. ਗੁਰਮੀਤ ਸਿੰਘ ਸ਼ੰਟੀ, ਹਰਿਆਣਾ ਕਮੇਟੀ ਦੇ ਪ੍ਰਧਾਨ ਸ. ਜਗਦੀਸ਼ ਸਿੰਘ ਝੀਂਡਾ, ਮੈਂਬਰ ਸ. ਮੋਹਨਜੀਤ ਸਿੰਘ ਪਾਣੀਪਤ, ਰਵਿੰਦਰ ਸਿੰਘ ਫਰੀਦਾਬਾਦ, ਸਿੱਖ ਮਿਸ਼ਨ ਦੇ ਇੰਚਾਰਜ ਸ. ਮਨਮੀਤ ਸਿੰਘ, ਸ. ਸੁਖਵਿੰਦਰ ਸਿੰਘ, ਸ. ਸੁਰਿੰਦਰਪਾਲ ਸਿੰਘ ਸਮਾਨਾ, ਸ. ਜਸਬੀਰ ਸਿੰਘ ਲੌਂਗੋਵਾਲ, ਸ. ਪਰਮਜੀਤ ਸਿੰਘ, ਸ. ਰਮਨਦੀਪ ਸਿੰਘ ਸੋਨੂੰ, ਸ. ਅਮਨਜੀਤ ਸਿੰਘ, ਸ. ਪਰਮਜੀਤ ਸਿੰਘ, ਸ. ਹਰਦੀਪ ਸਿੰਘ ਚੰਦਰ ਵਿਹਾਰ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਸਤਿਗੁਰੂ ਪਬਲਿਕ ਸਕੂਲ ਕਲਾਲਵਾਲਾ ਦੇ ਬੱਚਿਆਂ ਦਾ ਪੰਜਾਬ ਪੱਧਰ 'ਤੇ ਪ੍ਰਦਰਸ਼ਨ




**ਤਲਵੰਡੀ ਸਾਬੋ, 18 ਅਕਤੂਬਰ (ਗੁਰਜੰਟ ਸਿੰਘ ਨਥੇਹਾ)-** ਸਿੱਖਿਆ ਅਤੇ ਖੇਡ ਵਿਭਾਗ ਦੁਆਰਾ ਕਰਵਾਈਆਂ ਜਾ ਰਹੀਆਂ ਪੰਜਾਬ ਪੱਧਰੀ ਖੇਡਾਂ ਵਿਚ ਸਤਿਗੁਰੂ ਪਬਲਿਕ ਸਕੂਲ ਕਲਾਲਵਾਲਾ ਦੀਆਂ ਖਿਡਾਰਨਾਂ ਵਿੱਚ ਪ੍ਰਦਰਸ਼ਨ ਕੀਤਾ। ਇਹ ਆਰਚਰੀ ਖੇਡਾਂ ਦਾ ਆਯੋਜਨ ਸ੍ਰੀ ਮੁਕਤਸਰ ਸਾਹਿਬ ਜਿਲ੍ਹੇ ਦੇ ਪਿੰਡ ਛੱਤਿਆਣਾ ਵਿਖੇ ਕੀਤਾ ਗਿਆ ਸੀ ਜਿਸ ਵਿੱਚ ਸਕੂਲ ਦੀਆਂ ਚਾਰ ਵਿਦਿਆਰਥਣ ਨੇ ਭਾਗ ਲਿਆ ਏਕਮ ਕੌਰ ਤਰਨਵੀਰ ਕੌਰ ਅਰਸ਼ਦੀਪ ਕੌਰ ਸਿਮਰਜੀਤ ਕੌਰ ਨੇ ਰਿਕਰਵ ਅਤੇ ਇੰਡੀਅਨ ਰਾਊਡ ਵਿੱਚ ਭਾਗ ਲਿਆ। ਜਾਣਕਾਰੀ ਦਿੰਦੇ ਹੋਏ ਪ੍ਰਿੰਸੀਪਲ ਸ੍ਰੀਮਤੀ ਮਧੂ ਬਾਂਸਲ ਨੇ ਦੱਸਿਆ ਕਿ ਆਰਚਰੀ ਖੇਡ ਦੇ ਰਿਕਰਵ ਗਰੁੱਪ ਨੂੰ ਸਕੂਲ ਨੇ ਇਸ ਸਾਲ ਸ਼ਾਮਿਲ ਕੀਤਾ ਹੈ ਅਤੇ ਪਹਿਲੇ ਸਾਲ ਹੀ ਬੱਚੇ ਸਟੇਟ ਮੁਕਾਬਲਿਆਂ ਵਿੱਚ ਪ੍ਰਦਰਸ਼ਨ ਕਰਕੇ ਆਏ ਹਨ। ਅਗਲੇ ਸਾਲਾਂ ਵਿੱਚ ਹੋ ਰਹੀਆਂ ਫੈਡਰੇਸ਼ਨ ਖੇਡਾਂ ਲਈ ਬੱਚੇ ਆਪਣੀ ਮਿਹਨਤ ਲਗਾਤਾਰ ਕਰਦੇ ਰਹਿਣਗੇ ਅਤੇ ਸਕੂਲ ਵੱਲੋਂ ਕਿਸੇ ਵੀ ਤਰ੍ਹਾਂ ਦੀ ਸਿਖਲਾਈ ਵਿੱਚ ਕਮੀ ਨਹੀਂ ਛੱਡੀ ਜਾਵੇਗੀ। ਜਲਦ ਹੀ ਬਠਿੰਡਾ ਜਿਲ੍ਹਾ ਦਾ ਝੰਡਾ ਬੁਲੰਦ ਕਰਨਗੇ।

# ਗੁਰਪਤਵੰਤ ਪਨੂੰ ਕਤਲ ਮਾਮਲੇ ਵਿਚ ਨਾਮਜਦ ਨਿਖਿਲ ਗੁਪਤਾ ਵਲੋਂ ਵਕੀਲ ਬਦਲਣ ਨਾਲ ਮਾਮਲੇ ਨੂੰ ਟਾਲਣ ਦਾ ਖਦਸ਼ਾ

### ਮਾਮਲੇ ਵਿਚ ਅੰਤਰਰਾਸ਼ਟਰੀ "ਕਤਲ-ਫਾਰ-ਹਾਇਰ" ਸਾਜ਼ਿਸ਼ ਨਾਲ ਜੋੜਨ ਵਾਲੇ ਸਿੱਧੇ ਸਬੂਤ ਅਦਾਲਤ ਅੰਦਰ ਕੀਤੇ ਜਾਣੇ ਹਨ ਪੇਸ਼

**ਨਵੀਂ ਦਿੱਲੀ, 18 ਅਕਤੂਬਰ, (ਮਨਪ੍ਰੀਤ ਸਿੰਘ ਖਾਲਸਾ):-** ਸੰਯੁਕਤ ਰਾਜ ਅਮਰੀਕਾ ਬਨਾਮ ਨਿਖਿਲ ਗੁਪਤਾ ਕੇਸ 23-ਸੀਆਰ-289-ਵੀਐਮ ਵਿੱਚ ਤਾਜ਼ਾ ਫਾਈਲਿੰਗਾਂ ਤੋਂ ਪਤਾ ਚੱਲਦਾ ਹੈ ਕਿ ਭਾਰਤ ਦਾ ਰਾਅ ਏਜੰਟ ਨਿਖਿਲ ਗੁਪਤਾ ਆਪਣੇ ਵਕੀਲਾਂ ਨੂੰ ਬਦਲ ਰਿਹਾ ਹੈ ਇਹ ਇੱਕ ਅਜਿਹਾ ਕਦਮ ਹੈ ਜਿਸਨੂੰ ਭਾਰਤ ਦੀ ਜਾਸੂਸੀ ਏਜੰਸੀ ਦੁਆਰਾ ਆਉਣ ਵਾਲੇ ਅਮਰੀਕੀ ਸੰਘੀ ਮੁਕੱਦਮੇ ਵਿੱਚ ਰੁਕਾਵਟ ਪਾਉਣ ਲਈ ਇੱਕ ਰਣਨੀਤਕ ਦੇਰੀ ਵਜੋਂ ਦੇਖਿਆ ਜਾ ਰਿਹਾ ਹੈ। ਅਮਰੀਕੀ ਨਿਆਂ ਵਿਭਾਗ ਦੀ ਫਾਈਲਿੰਗ ਡੀਓਸੀ 127, 17 ਅਕਤੂਬਰ, 2025, 3 ਨਵੰਬਰ ਦੇ ਮੁਕੱਦਮੇ ਤੋਂ ਕੁਝ ਹਫ਼ਤੇ ਪਹਿਲਾਂ, 21 ਅਕਤੂਬਰ ਨੂੰ ਅਚਾਨਕ "ਵਕੀਲ ਦੀ ਬਦਲੀ" ਦੀ ਪੁਸ਼ਟੀ ਕਰਦੀ ਹੈ। ਇਸ ਆਖਰੀ ਪੜਾਅ 'ਤੇ ਵਕੀਲ ਨੂੰ ਬਦਲਣਾ ਇੱਕ ਕੂਟਨੀਤਿਕ ਚਾਲ ਹੈ ਜੋ ਭਾਰਤ ਦੀ ਵਿਆਪਕ ਰਣਨੀਤੀ ਦਾ ਹਿੱਸਾ ਹੈ ਜਿਸ ਵਿੱਚ ਇੱਕ ਕਾਰਵਾਈ ਨੂੰ ਰੋਕਣ ਦੀ ਉਮੀਦ ਹੈ ਜਿਸ ਵਿੱਚ ਪ੍ਰਧਾਨ ਮੰਤਰੀ ਮੋਦੀ ਦੇ ਦਫ਼ਤਰ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਰਾਹੀਂ ਐਸਐਫਜੇ ਦੇ ਜਨਰਲ ਕੌਂਸਲ, ਗੁਰਪਤਵੰਤ ਸਿੰਘ ਪੰਨੂ ਨੂੰ ਨਿਸ਼ਾਨਾ ਬਣਾਉਣ ਵਾਲੇ ਅੰਤਰਰਾਸ਼ਟਰੀ "ਕਤਲ-ਫਾਰ-ਹਾਇਰ" ਸਾਜ਼ਿਸ਼ ਨਾਲ ਜੋੜਨ ਵਾਲੇ ਸਿੱਧੇ ਸਬੂਤ ਪੇਸ਼ ਕੀਤੇ ਜਾਣਗੇ। ਜਿਵੇਂ ਕਿ ਅਮਰੀਕੀ ਵਕੀਲ ਵਰਗੀਕ੍ਰਿਤ ਸੰਚਾਰਾਂ ਅਤੇ ਗਵਾਹਾਂ ਦੀ ਗਵਾਹੀ ਦਾ ਪਰਦਾਫਾਸ਼ ਕਰਨ ਦੀ ਤਿਆਰੀ ਕਰ ਰਹੇ ਹਨ, ਭਾਰਤ ਇੱਕ ਅਜਿਹੇ ਮੁਕੱਦਮੇ ਤੋਂ ਬਚਣ ਲਈ ਬੇਤਾਬ ਜਾਪਦਾ ਹੈ ਜੋ ਰਾਅ ਦੇ ਗਲੋਬਲ ਕਤਲ ਪ੍ਰੋਗਰਾਮ ਦੇ ਪਿੱਛੇ ਕਾਰਜਸ਼ੀਲ ਲੜੀ ਦੀ ਕਮਾਂਡ ਨੂੰ ਬੇਨਕਾਬ ਕਰ ਸਕਦਾ ਹੈ।



"ਨੌਜਵਾਨਾਂ ਨੂੰ ਸਹੀ ਦਿਸ਼ਾ ਦੇਣ ਲਈ ਆਓ ਯੋਗ ਅਗਵਾਈ ਕਰੀਏ"

# ਖੇਡ ਪ੍ਰੇਮੀ ਬਲਜੀਤ ਪ੍ਰਧਾਨ ਨੇ ਬੱਚਿਆਂ ਨੂੰ ਦਿੱਤੀਆਂ ਖੇਡ ਜਰਸੀਆਂ



**ਚੌਕ ਮਹਿਤਾ, 18 ਅਕਤੂਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਖੇਡ ਪ੍ਰੇਮੀ ਬਲਜੀਤ ਪ੍ਰਧਾਨ ਦੇ ਵੱਲੋਂ ਛੋਟੇ ਬੱਚਿਆਂ ਅਤੇ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਉਤਸਾਹਿਤ ਕਰਨ ਦੇ ਲਈ ਇਕ ਵਿਸ਼ੇਸ਼ ਉਪਰਾਲਾ ਕੀਤਾ ਗਿਆ। ਜਿਸ ਤਹਿਤ ਉਨਾਂ ਨੇ ਅੱਜ ਪਿੰਡ ਖੱਬੇ ਰਾਜਪੂਤਾਂ ਦੀ ਖੇਡ ਗਰਾਊਂਡ ਦੇ ਵਿਚ ਬੱਚਿਆਂ ਨੂੰ ਖੇਡ ਕਿੱਟਾਂ ( ਫੁੱਟਬਾਲ ਜਰਸੀਆਂ ) ਵੰਡੀਆਂ।

ਇਸ ਦੌਰਾਨ ਗੱਲਬਾਤ ਕਰਦਿਆਂ ਉਨ੍ਹਾਂ ਆਖਿਆ ਕਿ ਨੌਜਵਾਨ ਪੀੜ੍ਹੀ ਨੂੰ ਸਹੀ ਦਿਸ਼ਾ ਦੇਣ ਲਈ ਸਾਨੂੰ ਯੋਗ ਅਗਵਾਈ ਕਰਨ ਦੀ ਲੋੜ ਹੈ। ਹਰੇਕ ਪਿੰਡ ਦੀ ਪੰਚਾਇਤ, ਸਮਾਜਸੇਵੀ ਅਤੇ ਫ਼ਿਕਰਮੰਦ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਆਪੋ ਆਪਣੇ ਪਿੰਡਾਂ ਦੇ ਬੱਚਿਆਂ, ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਵਿਸ਼ੇਸ਼ ਯਤਨ ਕਰਨ, ਉਨਾਂ ਨੂੰ ਖੇਡਾਂ ਦਾ ਸਮਾਨ ਮੁਹਈਆ ਕਰਵਾਉਣ ਤਾਂ ਜੋ ਨੌਜਵਾਨਾਂ ਦੀ ਖੇਡਾਂ ਪ੍ਰਤੀ ਰੁਚੀ ਵੱਧ ਸਕੇ। ਬਲਜੀਤ ਪ੍ਰਧਾਨ ਨੇ ਆਖਿਆ ਕਿ ਸਾਡੇ ਪਿੰਡ ਖੱਬੇ ਰਾਜਪੂਤਾਂ ਦੀ ਖੇਡ ਗਰਾਊਂਡ ਨੇ ਬੀਤੇ ਸਮੇਂ ਵਿੱਚ ਬਹੁਤ ਸਾਰੇ ਨਾਮੀ ਖਿਡਾਰੀ ਪੈਦਾ ਕੀਤੇ ਹਨ। ਇਸ ਪਿੰਡ ਦੀ ਗਰਾਊਂਡ ਖੇਡ ਪ੍ਰੇਮੀਆਂ ਦੇ ਲਈ ਹਮੇਸ਼ਾਂ ਖਿੱਚ ਦਾ ਕੇਂਦਰ ਰਹੀ ਹੈ। ਸੋ ਸਾਡਾ ਸੁਪਨਾ ਹੈ ਕਿ ਅਸੀਂ ਆਪਣੇ ਪਿੰਡ ਦੇ ਬੱਚਿਆਂ ਅਤੇ ਨੌਜਵਾਨ ਖਿਡਾਰੀਆਂ ਦੀ ਹਰ ਪੱਖੋਂ ਮਦਦ ਕਰੀਏ ਅਤੇ ਪਿੰਡ ਖੱਬੇ ਰਾਜਪੂਤਾਂ ਨੂੰ ਖੇਡਾਂ ਦੇ ਖੇਤਰ ਵਿਚ ਹੋਰ ਅੱਗੇ ਤਕ ਲੈਕੇ ਜਾਈਏ। ਇਸ ਮੌਕੇ ਗੁਰਅੰਮ੍ਰਿਤਪਾਲ ਸਿੰਘ, ਸੁਖਦੇਵ ਸਿੰਘ ਪੰਜਾਬ ਪੁਲਿਸ, ਪ੍ਰਧਾਨ ਜੁਗਰਾਜ ਸਿੰਘ, ਕੈਪਟਨ ਗੁਰਵਿੰਦਰ ਬੱਲ, ਗੁਰਬੀਰ ਬੱਲ, ਗੁਰਸ਼ੇਰ ਰੰਧਾਵਾ, ਗੋਬਿੰਦਾ ਬੱਲ, ਤਜਿੰਦਰ ਸਿੰਘ ਖੱਬੇ, ਅਬੇ, ਜਸ਼ਨ, ਸਨੀ, ਲਵ, ਗਿਆਨ, ਉਂਕਾਰ ਤੇ ਲਵਪ੍ਰੀਤ ਤੋਂ ਇਲਾਵਾ ਹੋਰ ਵੀ ਨੌਜਵਾਨ ਮੌਜੂਦ ਸਨ।

## ਟੀ.ਬੀ.ਐਸ ਇੰਟਰਨੈਸ਼ਨਲ ਸਕੂਲ 'ਚ

# ਖੁਸ਼ੀ ਤੇ ਉਤਸ਼ਾਹ ਨਾਲ ਮਨਾਈ ਗਈ ਪਰਿਆਵਰਣ ਅਨੁਕੂਲ ਦੀਵਾਲੀ







**ਫ਼ਿਰੋਜ਼ਪੁਰ, 18 ਅਕਤੂਬਰ (ਮਨੋਹਰ ਲਾਲ)** :— ਮੋਗਾ ਰੋਡ ਤੇ ਸਥਿਤ ਟੀ.ਬੀ.ਐਸ ਇੰਟਰਨੈਸ਼ਨਲ ਸਕੂਲ ਵਿੱਚ ਦੀਵਾਲੀ ਦਾ ਪਵਿੱਤਰ ਤਿਉਹਾਰ ਬੜੇ ਹੀ ਉਤਸ਼ਾਹ, ਖੁਸ਼ੀ ਅਤੇ ਆਧਿਆਤਮਿਕ ਮਾਹੌਲ ਵਿੱਚ ਮਨਾਇਆ ਗਿਆ। ਇਹ ਸਕੂਲ ਚੇਅਰਮੈਨ ਡਾ: ਹੀਰਾ ਲਾਲ ਸ਼ਰਮਾ, ਵਾਈਸ ਚੇਅਰਮੈਨ ਵਿਭੋਰ ਸ਼ਰਮਾ, ਮਹਾਸਚਿਵ ਸ਼ਿਵਮ ਸ਼ਰਮਾ ਅਤੇ ਮੈਨੇਜਿੰਗ ਡਾਇਰੈਕਟਰ ਦੀਪਾਲੀ ਸ਼ਰਮਾ ਦੀ ਕੁਸ਼ਲ ਅਗਵਾਈ ਹੇਠ ਚੱਲ ਰਿਹਾ ਹੈ। ਪਰੋਗਰਾਮ ਦੌਰਾਨ ਵਿਦਿਆਰਥੀਆਂ ਨੇ ਪਰਿਆਵਰਣ ਜਾਗਰੂਕਤਾ ਅਤੇ ਸਥਿਰਤਾ ਨੂੰ ਵਧਾਵਾ ਦਿੰਦਿਆਂ ਪਰਿਆਵਰਣ ਅਨੁਕੂਲ ਦੀਵਾਲੀ ਮਨਾਈ। ਸਾਰੇ ਵਿਦਿਆਰਥੀ ਪਰੰਪਰਾਗਤ ਪਹਿਰਾਵੇ ਵਿਚ ਸਕੂਲ ਪਹੁੰਚੇ ਅਤੇ ਤਿਉਹਾਰ ਦਾ ਆਨੰਦ ਮਾਣਿਆ। ਵਿਦਿਆਰਥੀਆਂ ਨੇ ਕੁਦਰਤੀ ਅਤੇ ਰੀਸਾਈਕਲ ਕੀਤੀਆਂ ਸਮੱਗਰੀਆਂ ਦੀ ਵਰਤੋਂ ਕਰਕੇ ਸੁੰਦਰ ਰੰਗੋਲੀਆਂ ਬਣਾਈਆਂ, ਮੋਮਬੱਤੀਆਂ ਤੇ ਥਾਲੀਆਂ ਸਜਾਈਆਂ ਅਤੇ ਦੀਵਾਲੀ ਦੇ ਮਹੱਤਵ ਬਾਰੇ ਜਾਗਰੂਕਤਾ ਫੈਲਾਉਣ ਵਾਲੇ ਪੋਸਟਰ ਤਿਆਰ ਕੀਤੇ। ਇਸ ਦੇ ਨਾਲ—ਨਾਲ ਉਨ੍ਹਾਂ ਨੇ ਪਰਿਆਵਰਣ ਮਿੱਤਰ ਪ੍ਰਾਪਸ ਅਤੇ ਵਾਲ ਹੈਂਗਿੰਗਸ ਵੀ ਤਿਆਰ ਕੀਤੀਆਂ। ਪ੍ਰੋਗਰਾਮ ਵਿੱਚ ਵਿਦਿਆਰਥੀਆਂ ਵੱਲੋਂ ਪਰੰਪਰਾਗਤ ਭਜਨ ਪੇਸ਼ ਕੀਤੇ ਗਏ, ਜਿਨ੍ਹਾਂ ਵਿੱਚ ਦੀਵਾਲੀ ਤੇ ਪਰਿਆਵਰਣ ਸੰਰੱਖਣ ਦੇ ਮਹੱਤਵ ਨੂੰ ਉਜਾਗਰ ਕੀਤਾ ਗਿਆ। ਇਸ ਤੋਂ ਇਲਾਵਾ ਵਿਦਿਆਰਥੀਆਂ ਨੇ ਗੁਰੂ ਹਰਿਗੋਬਿੰਦ ਸਿੰਘ ਜੀ ਦੀ ਆਧਿਆਤਮਿਕ ਵਿਰਾਸਤ ਨੂੰ ਦਰਸਾਉਂਦੇ ਹੋਏ ਬੰਦੀ ਛੋੜ ਦਿਵਸ ਤੇ ਭਾਵਪੂਰਨ ਸ਼ਬਦ ਗਾਏ, ਜਿਸ ਨਾਲ ਸਕੂਲ ਦਾ ਮਾਹੌਲ ਆਧਿਆਤਮਿਕਤਾ ਅਤੇ ਸਕਾਰਾਤਮਕ ਊਰਜਾ ਨਾਲ ਭਰ ਗਿਆ। ਪ੍ਰਿੰਸੀਪਲ ਰੇਖਾ ਪਾਸੀ ਨੇ ਵਿਦਿਆਰਥੀਆਂ ਨੂੰ ਦਇਆ, ਸਹਾਨੁਭੂਤੀ ਅਤੇ ਸਮਾਜਿਕ ਜ਼ਿੰਮੇਵਾਰੀ ਵਰਗੀਆਂ ਮੁੱਲਾਂ ਨੂੰ ਅਪਣਾਉਣ ਅਤੇ ਗੁਰੂ ਜੀ ਦੀਆਂ ਸਿੱਖਿਆਵਾਂ ਨੂੰ ਜੀਵਨ ਵਿੱਚ ਲਾਗੂ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਤੇ ਹੋਈਆਂ ਗਤੀਵਿਧੀਆਂ ਨੇ ਵਿਦਿਆਰਥੀਆਂ ਵਿੱਚ ਰਚਨਾਤਮਕਤਾ, ਪਰਿਆਵਰਣ ਜਾਗਰੂਕਤਾ ਅਤੇ ਸਮੂਹਿਕ ਭਾਵਨਾ ਨੂੰ ਪ੍ਰੋਤਸਾਹਿਤ ਕੀਤਾ, ਜਿਸ ਨਾਲ ਇਹ ਸਮਾਰੋਹ ਯਾਦਗਾਰ ਅਤੇ ਅਰਥਪੂਰਨ ਬਣ ਗਿਆ।




# ਦਿੱਲੀ ਗੁਰਦੁਆਰਾ ਕਮੇਟੀ ਨੇ ਇੰਡੀਆ ਹੈਬੀਟੈਟ ਸੈਂਟਰ 'ਚ ਸੈਮੀਨਾਰ ਕਰਵਾਉਣ ਦੇ ਵਿਰੋਧ 'ਚ ਧਾਮੀ ਨੂੰ ਲਿਖਿਆ ਪੱਤਰ

## 2015 ਦੀ ਬਰਗਾੜੀ ਬੇਅਦਬੀ ਤੋਂ ਬਾਅਦ ਇਹ ਨਵੀਂ ਬੇਅਦਬੀ ਜੋ ਪੰਥ ਮੁਆਫ ਨਹੀਂ ਕਰੇਗਾ: ਕਾਲਕਾ, ਕਾਹਲੋਂ




**ਨਵੀਂ ਦਿੱਲੀ, 18 ਅਕਤੂਬਰ (ਮਨਪ੍ਰੀਤ ਸਿੰਘ ਖਾਲਸਾ)**-ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਵੀਂ ਦਿੱਲੀ ਦੇ ਇੰਡੀਆ ਹੈਬੀਟੈਟ ਸੈਂਟਰ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸੈਮੀਨਾਰ ਕਰਵਾਉਣ ਦਾ ਗੰਭੀਰ ਨੋਟਿਸ ਲਿਆ ਹੈ ਤੇ ਕਿਹਾ ਹੈ ਕਿ ਇਸ ਸੈਂਟਰ ਵਿਚ ਸ਼ਰਾਬ, ਮੀਟ, ਆਂਡਾ ਆਦਿ ਪਦਾਰਥ ਨਿੱਤ ਪਰੋਸੇ ਜਾਂਦੇ ਹਨ ਤੇ ਇਸ ਥਾਂ 'ਤੇ ਗੁਰੂ ਸਾਹਿਬ ਦੀ ਸ਼ਹੀਦੀ ਨੂੰ ਸਮਰਪਿਤ ਸਮਾਗਮ ਕਰਵਾਉਣ ਦੇ ਫੈਸਲੇ ਨਾਲ ਸਿੱਖ ਹਿਰਦੇ ਵਲੂੰਧਰੇ ਗਏ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਲਿਖੇ ਇਕ ਪੱਤਰ ਵਿਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਦਿੱਲੀ ਵਿਚ ਹਰ ਕੋਈ ਜਾਣਦਾ ਹੈ ਕਿ ਪਰਮਜੀਤ ਸਿੰਘ ਸਰਨਾ ਤੇ ਉਹਨਾਂ ਦੇ ਭਰਾ ਸ਼ਰਾਬ ਦੇ ਕਾਰੋਬਾਰ ਵਿਚ ਲੱਗੇ ਹਨ। ਅਜਿਹੇ ਵਿਚ ਉਹਨਾਂ ਨੂੰ ਇੰਡੀਆ ਹੈਬੀਟੈਟ ਸੈਂਟਰ ਜਿਥੇ ਸ਼ਰਾਬ, ਮੀਟ, ਮੱਛੀ, ਮੁਰਗਾ, ਆਂਡੇ ਦਾ ਸੇਵਨ ਦਿਨ ਨਿੱਤ ਹੁੰਦਾ ਹੈ, ਵਿਚ ਇਹ ਸੈਮੀਨਾਰ ਕਰਵਾਉਣ ਵਿਚ ਕੋਈ ਹਰਜ਼ ਨਹੀਂ ਦਿਸਦਾ। ਉਹਨਾਂ ਕਿਹਾ ਕਿ ਦੂਜੇ ਪਾਸੇ 2015 ਦੀ ਬਰਗਾੜੀ ਬੇਅਦਬੀ ਘਟਨਾ ਜੋ ਕਿ ਪੰਜਾਬ ਵਿਚ ਪੰਥਕ ਸਰਕਾਰ ਹੁੰਦਿਆਂ ਵਾਪਰੀ, ਤੋਂ ਬਾਅਦ ਹੁਣ ਇਹ ਦੂਜੀ ਅਜਿਹੀ ਵੱਡੀ ਘਟਨਾ ਬਣ ਗਈ ਹੈ ਜਿਸ ਨਾਲ ਦੁਨੀਆਂ ਭਰ ਵਿਚ ਬੈਠੇ ਸਿੱਖਾਂ ਦੇ ਹਿਰਦਿਆਂ ਨੂੰ ਡੂੰਘੀ ਠੇਸ ਪਹੁੰਚੀ ਹੈ। ਉਹਨਾਂ ਕਿਹਾ ਕਿ ਉਹ ਇਹ ਗੱਲ ਸਮਝਦੇ ਹਨ ਕਿ ਸਿਆਸੀ ਮਜਬੂਰੀਆਂ ਕਾਰਨ ਐਡਵੋਕੇਟ ਧਾਮੀ ਜ਼ਿਆਦਾ ਕੁਝ ਨਹੀਂ ਕਰ ਸਕਦੇ ਪਰ ਫਿਰ ਵੀ ਉਹਨਾਂ ਤਿੰਨ ਦਿਨ ਪਹਿਲਾਂ ਬੇਨਤੀ ਕੀਤੀ ਸੀ ਕਿ ਸੈਮੀਨਾਰ ਦੀ ਥਾਂ ਬਦਲੀ ਜਾਵੇ ਅਤੇ ਇਸ ਵਾਸਤੇ ਆਪਣੇ ਵਿਦਿਅਕ ਅਦਾਰਿਆਂ ਵਿਚ ਸਥਿਤ ਵੱਡੇ ਸੈਮੀਨਾਰ ਹਾਲ ਦੇਣ ਦੀ ਪੇਸ਼ਕਸ਼ ਵੀ ਕੀਤੀ ਸੀ। ਉਹਨਾਂ ਕਿਹਾ ਕਿ ਅਫਸੋਸ ਹੈ ਕਿ ਅੱਜ ਇਹ ਸੈਮੀਨਾਰ ਤੈਅ ਪ੍ਰੋਗਰਾਮ ਮੁਤਾਬਕ ਹੋਇਆ ਜਿਸ ਨਾਲ ਸਿੱਖ ਹਿਰਦਿਆਂ ਨੂੰ ਵੱਡੀ ਠੇਸ ਪਹੁੰਚੀ ਹੈ ਜੋ ਕਦੇ ਵੀ ਮੁਆਫ ਨਹੀਂ ਕੀਤੀ ਜਾ ਸਕਦੀ।

# ਸ਼੍ਰੋਮਣੀ ਕਮੇਟੀ ਸਿਰੀ ਮੰਜੀ ਸਾਹਿਬ ਸਟੇਜ ਤੋਂ ਸਿਆਸੀ ਲਾਹਾ ਪ੍ਰਾਪਤ ਕਰਦੀ ਹੈ—ਬੰਡਾਲਾ



ਫ਼ਿਰੋਜ਼ਪੁਰ, 18 ਅਕਤੂਬਰ (ਮਨੋਹਰ ਲਾਲ) :— ਦਮਦਮੀ ਟਕਸਾਲ ਦੇ ਜਥੇਦਾਰ ਗੁਰਨਾਮ ਸਿੰਘ ਬੰਡਾਲਾ ਨੇ ਕਿਹਾ ਸਿੱਖ ਕੌਮ ਨੂੰ ਜੁਲਮ ਦੀ ਗੁਲਾਮੀ ਵਿਚੋਂ ਕਢਣ ਲਈ ਸ਼੍ਰੋਮਣੀ ਕਮੇਟੀ ਤੋਂ ਬਾਦਲ ਪਰਿਵਾਰ ਦਾ ਕਬਜਾ ਖਤਮ ਕਰਨਾ ਪੰਥਕ ਜਥੇਬੰਦੀਆਂ ਲਈ ਬਹੁਤ ਜਰੂਰੀ ਹੈ, ਅਖੌਤੀ ਗਿਆਨੀਆਂ ਲੇਖਕਾਂ ਵਿਦਿਵਾਨਾਂ ਰਾਹੀਂ ਗੁਰ ਇਤਿਹਾਸ ਨੂੰ ਸ਼ਰਧਾ ਸਚਾਈ ਤੋਂ ਦੂਰ ਕੀਤਾ ਜਾ ਰਿਹਾ ਹੈ। ਗੱਲਬਾਤ ਕਰਦਿਆਂ ਗੁਰਨਾਮ ਸਿੰਘ ਬੰਡਾਲਾ ਨੇ ਕਿਹਾ ਕਿ ਗੁਰੂ ਰਾਮ ਦਾਸ ਜੀ ਨੂੰ ਸਿਰੀ ਮੰਜੀ ਸਾਹਿਬ ਜੀ ਦੀ ਸਟੇਜ ਤੋਂ ਯਤੀਮ ਅਨਾਥ ਨਿਆਸਰਾ ਦਸਿਆ ਜਾ ਰਿਹਾ ਹੈ ਮੀਡੀਏ ਦਾ ਗਿਆਨੀ ਪਿੰਦਰਪਾਲ ਜਿਸ ਦੇ ਮਸ਼ਹੂਰ ਨਾਮ ਤੋਂ ਸ਼੍ਰੋਮਣੀ ਕਮੇਟੀ ਇਕ ਮਹਿਨਾ ਮੰਜੀ ਸਾਹਿਬ ਸਟੇਜ ਬੁਕ ਕਰਕੇ ਸਿਆਸੀ ਲਾਹਾ ਲੈਂਦੀ ਹੈ, ਉਸ ਰਾਹੀਂ ਗੁਰ ਪਹਤਾਪ ਸੂਰਜ ਪਰਕਾਸ ਗੁਰਬਿਲਾਸ ਸੰਤ ਗੁਰਬਚਨ ਸਿੰਘ ਜੀ ਦੀ ਕਥਾ ਹੋਰ ਸੰਪਰਦਾਈ ਲਿਖਤਾ ਤੋਂ ਪੰਥ ਨੂੰ ਭਰਮ ਭਲੇਖਿਆਂ ਵਿਚ ਪਾ ਕੇ ਸਤਬੀਰ ਸਿੰਘ ਦੇ ਇਤਹਾਸ ਨੂੰ ਸਹੀ ਮੰਨ ਕੇ ਗੁਰੂ ਰਾਮ ਦਾਸ ਜੀ ਨੂੰ ਯਤੀਮ ਦੱਸਿਆ ਜਾ ਰਿਹਾ ਹੈ ਜਿਸ ਗੁਰੂ ਦੇ ਸੀਸ ਤੇ ਸ੍ਰਿਸ਼ਟੀ ਦਾ ਛਤਰ ਝੁਲਦਾ ਹੈ ਉਹ ਯਤੀਮ ਕਿਵੇ ਹੋ ਸਕਦਾ ਸਤਬੀਰ ਸਿੰਘ ਨੂੰ ਸੰਤ ਕਰਤਾਰ ਸਿੰਘ ਜੀ ਨੇ ਸਮੁੰਦਰੀ ਹਾਲ ਝੂਠਾ ਸਿਧ ਕੀਤਾ ਸੀ, ਇਸ ਆਦਮੀ ਨੇ ਗੁਰ ਇਤਿਹਾਸ ਨੂੰ ਸ਼ਰਧਾ ਤੋਂ ਹੀਨ ਨਾਸਤਿਕ ਰੰਗਤ ਦਿੱਤੀ ਹੈ ਲਹੌਰ ਵਿਚ ਸੋਢੀਆਂ ਦਾ ਖਾਨਦਾਨ ਹਰ ਪਖ ਤੋਂ ਅਮੀਰ ਖਾਨਦਾਨ ਸੀ ਪਿਤਾ ਹਰਦਾਸ ਜੀ ਗੁਰੂ ਰਾਮ ਦਾਸ ਸੱਤ ਸਾਲ ਦੀ ਉਮਰ ਸੀ ਜਦੋਂ ਸੱਚਖੰਡ ਪਿਆਨਾ ਕਰ ਗਏ ਸਨ, ਮਾਤਾ ਜੀ ਦਯਾ ਕੌਰ ਲੰਬਾ ਸਮਾਂ ਜਿਉਂਦੇ ਰਹੇ ਗੂਰੂ ਅਮਰ ਦਾਸ ਜੀ ਨੇ ਮਾਤਾ ਜੀ ਦੀ ਸਿਹਤ ਢਿੱਲੀ ਸੀ ਗੁਰੂ ਰਾਮ ਦਾਸ ਜੀ ਨੂੰ ਲਹੋਰ ਪਤਾ ਲੈਣ ਲਈ ਭੇਜਿਆ ਸੁਖਮਨਾ ਸਾਹਿਬ ਜੀ ਦੀ ਬਾਣੀ ਸੁਣਾ ਕੇ ਮਾਤਾ ਜੀ ਨੂੰ ਤੰਦਰੁਸਤ ਕੀਤਾ ਫਿਰ ਪਿੰਦਰਪਾਲ ਨਾਮ ਜੇਠਾ ਦੱਸਦਾ ਇਹ ਨਾ ਮਨਮਤ ਨਾਲ ਸਤਬੀਰ ਸਿੰਘ ਨੇ ਰਖਿਆ ਇਕ ਲਿਖਾਰੀ ਗਿਆਨੀ ਪੰਜਾ ਵਿਕਾਰਾ ਵਿਚ ਖੇਡਦਾ ਇਤਹਾਸ ਦਸਦਾ ਇਕ ਵਿਦਿਵਾਨ ਪੰਜ ਵਿਕਾਰਾਂ ਤੇ ਪਹਿਲਾ ਜਿੱਤ ਪ੍ਰਾਪਤ ਕਰਦਾ ਫਿਰ ਗੁਰਮਤ ਪ੍ਰਚਾਰ ਕਰਦਾ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਸਕੱਤਰ ਦਿੱਲੀ ਸਰਕਾਰ ਦੀਆਂ ਏਜੰਸੀਆਂ ਦੇ ਇਸ਼ਾਰੇ ਤੇ ਚਲਦੇ ਹਨ ਇਕ ਮਹਿਨਾ ਮੰਜੀ ਸਾਹਿਬ ਕਮੇਟੀ ਨੇ ਸਿਆਸੀ ਲਾਹਾ ਲੈਣ ਲਈ ਪਿੰਦਰਪਾਲ ਨੂੰ ਬੁੱਕ ਕੀਤੀ ਹੈ ਨਾ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀਆਂ ਦਾ ਜ਼ਿਕਰ ਨਾ ਕਿਤੇ ਸਿੱਖ ਕੌਮ ਤੇ ਮੌਜੂਦਾ ਸਰਕਾਰ ਦੇ ਕੀਤੇ ਜਾ ਰਹੇ ਜੁਲਮਾਂ ਦਾ ਜ਼ਿਕਰ ਨਾ ਕੌਮ ਦੇ ਸ਼ਹੀਦਾਂ ਦਾ ਜਿਕਰ ਕੀਤਾ ਜਾ ਰਿਹਾ ਹਜਾਰਾ ਅਭਿਆਸੀ ਕਥਾਵਾਚਕ ਵਿਦਿਵਾਨ ਬੈਠੇ ਕਮੇਟੀ ਬਾਦਲ ਪਰਿਵਾਰ ਦੀ ਸੈਂਸਰਸ਼ਿਪ ਤੋਂ ਪਾਸ ਕਰਵਾ ਕੇ ਫਿਰ ਮੰਜੀ ਸਾਹਿਬ ਕਥਾ ਲਈ ਸਮਾਂ ਦਿੰਦੀ ਹੈ ਕਮੇਟੀ ਨੇ ਪੰਥ ਦਾ ਬਹੁਤ ਨੁਕਸਾਨ ਕੀਤਾ ਹੈ ਗੌਲਕਾ ਸਿਆਸੀ ਲਾਹੇ ਲਈ ਵਰਤੀਆਂ ਜਾ ਰਹੀਆਂ ਹਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਬ੍ਰਿਟੇਨ ਵਿੱਚ ਏਸ਼ੀਆਈ ਅਤੇ ਕਾਲੇ ਪਰਿਵਾਰ

# ਮਹਿੰਗਾਈ ਨਾਲ ਸਭ ਤੋਂ ਵੱਧ ਪ੍ਰਭਾਵਿਤ — ਇੰਡੀਅਨ ਵਰਕਰਜ਼ ਐਸੋਸੀਏਸ਼ਨ








**ਲੈਸਟਰ, 17 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ ਚੇਤਾਵਨੀ ਦਿੱਤੀ ਹੈ ਕਿ ਬ੍ਰਿਟੇਨ ਵਿੱਚ ਵਧ ਰਹੀ ਮਹਿੰਗਾਈ, ਊਰਜਾ ਬਿੱਲਾਂ ਅਤੇ ਖਾਣ-ਪੀਣ ਦੀਆਂ ਕੀਮਤਾਂ ਨੇ ਏਸ਼ੀਆਈ, ਭਾਰਤੀ ਅਤੇ ਕਾਲੇ ਮਜ਼ਦੂਰ ਵਰਗ ਦੇ ਪਰਿਵਾਰਾਂ ਨੂੰ ਤਬਾਹੀ ਦੇ ਕਿਨਾਰੇ ਪਹੁੰਚਾ ਦਿੱਤਾ ਹੈ। ਐਸੋਸੀਏਸ਼ਨ ਨੇ ਕਿਹਾ ਕਿ ਸਰਕਾਰ ਦੀ ਮੌਜੂਦਾ ਆਰਥਿਕ ਨੀਤੀ "ਆਮ ਪਰਿਵਾਰਾਂ ਨੂੰ ਅਸਫਲ" ਕਰ ਰਹੀ ਹੈ ਅਤੇ ਘੱਟ ਗਿਣਤੀ ਭਾਈਚਾਰਿਆਂ ਨੂੰ ਰਹਿਣ-ਸਹਿਣ ਦੀ ਲਾਗਤ ਸੰਕਟ ਦਾ ਸਭ ਤੋਂ ਵੱਧ ਝਟਕਾ ਲੱਗ ਰਿਹਾ ਹੈ। ਅੰਤਰਰਾਸ਼ਟਰੀ ਮੁਦਰਾ ਫੰਡ ਦੇ ਅਨੁਸਾਰ, ਯੂਨਾਈਟਿਡ ਕਿੰਗਡਮ 2025 ਵਿੱਚ 77 ਦੇਸ਼ਾਂ ਵਿਚ ਸਭ ਤੋਂ ਵੱਧ ਮਹਿੰਗਾਈ ਦਰ 3.2 ਪ੍ਰਤੀਸ਼ਤ ਰਿਕਾਰਡ ਕਰ ਸਕਦਾ ਹੈ। ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੇ ਜਨਰਲ ਸਕੱਤਰ ਸੀਤਲ ਸਿੰਘ ਗਿੱਲ ਨੇ ਕਿਹਾ ਕਿ, "ਲੋਕ ਜ਼ਿਆਦਾ ਭੁਗਤਾਨ ਕਰ ਰਹੇ ਹਨ ਤੇ ਘੱਟ ਪ੍ਰਾਪਤ ਕਰ ਰਹੇ ਹਨ। ਮਜ਼ਦੂਰ ਵਰਗ ਦੇ ਪਰਿਵਾਰ — ਖ਼ਾਸ ਕਰਕੇ ਏਸ਼ੀਆਈ, ਭਾਰਤੀ ਤੇ ਕਾਲੇ ਭਾਈਚਾਰੇ — ਸਭ ਤੋਂ ਵੱਧ ਬੋਝ ਚੁੱਕ ਰਹੇ ਹਨ। ਸਰਕਾਰ ਸਥਿਰਤਾ ਦੀ ਗੱਲ ਕਰਦੀ ਹੈ, ਪਰ ਸਾਡੇ ਲੋਕਾਂ ਲਈ ਸਿਰਫ਼ ਸੰਘਰਸ਼ ਹੈ।" ਐਸੋਸੀਏਸ਼ਨ ਨੇ ਦਰਸਾਇਆ ਕਿ ਕਰਿਆਨੇ ਦੀ ਮਹਿੰਗਾਈ ਮੁੜ 5.2% ਤੱਕ ਵਧ ਗਈ ਹੈ, ਜਦਕਿ ਔਸਤ ਊਰਜਾ ਬਿੱਲ ਹੁਣ £1,755 ਪ੍ਰਤੀ ਸਾਲ ਤੱਕ ਪਹੁੰਚ ਗਿਆ ਹੈ। ਸਥਾਈ ਖਰਚੇ — ਬਿਜਲੀ ਲਈ 53.68 ਪ੍ਰਤੀ ਦਿਨ ਅਤੇ ਗੈਸ ਲਈ 34.03 ਪ੍ਰਤੀ ਦਿਨ —ਨੇ "ਘੱਟ ਆਮਦਨ ਵਾਲੇ ਪਰਿਵਾਰਾਂ ਲਈ ਅਨਿਆਂਪੂਰਨ" ਕਹੇ ਹਨ। ਸੀਤਲ ਸਿੰਘ ਗਿੱਲ ਨੇ ਕਿਹਾ, "ਭਾਵੇਂ ਤੁਸੀਂ ਘੱਟ ਊਰਜਾ ਵਰਤੋਂ, ਤੁਹਾਨੂੰ ਉਹੀ ਰੋਜ਼ਾਨਾ ਫੀਸ ਦੇਣੀ ਪੈਂਦੀ ਹੈ। ਇਹ ਪੈਨਸ਼ਨਰਾਂ, ਛੋਟੇ ਘਰਾਂ ਅਤੇ ਸੰਘਰਸ਼ ਕਰ ਰਹੇ ਲੋਕਾਂ ਲਈ ਵੱਡਾ ਬੋਝ ਹੈ। ਸਰਕਾਰ ਨੂੰ ਇਹ ਸਿਸਟਮ ਤੁਰੰਤ ਬਦਲਣਾ ਚਾਹੀਦਾ ਹੈ।" ਇੰਡੀਅਨ ਵਰਕਰਜ਼ ਐਸੋਸੀਏਸ਼ਨ ਨੇ ਕਿਹਾ ਕਿ ਇਹ ਸੰਕਟ ਪਹਿਲਾਂ ਤੋਂ ਮੌਜੂਦ ਨਸਲੀ ਅਤੇ ਵਰਗੀ ਅਸਮਾਨਤਾਵਾਂ ਨੂੰ ਹੋਰ ਡੂੰਘਾ ਕਰ ਰਿਹਾ ਹੈ।

ਰੰਨੀਮੇਡ ਟਰੱਸਟ ਦੇ ਅੰਕੜਿਆਂ ਅਨੁਸਾਰ:

ਕਾਲੇ ਅਤੇ ਏਸ਼ੀਆਈ ਪਰਿਵਾਰਾਂ ਦੇ ਗੋਰੇ ਪਰਿਵਾਰਾਂ ਨਾਲੋਂ 2.5 ਗੁਣਾ ਜ਼ਿਆਦਾ ਗਰੀਬੀ ਵਿੱਚ ਰਹਿਣ ਦੀ ਸੰਭਾਵਨਾ ਹੈ।

47% ਪਾਕਿਸਤਾਨੀ ਅਤੇ 53% ਬੰਗਲਾਦੇਸ਼ੀ ਪਰਿਵਾਰ ਘੱਟ ਆਮਦਨ ਵਾਲੇ ਹਨ।

22% ਭਾਰਤੀ ਪਰਿਵਾਰ ਘੱਟ ਆਮਦਨ ਵਾਲੇ ਹਨ, ਜਦਕਿ 27% ਭਾਰਤੀ ਮੂਲ ਦੇ ਬੱਚੇ ਗਰੀਬੀ ਵਿੱਚ ਜੀ ਰਹੇ ਹਨ।

59% ਪਾਕਿਸਤਾਨੀ ਅਤੇ 65% ਬੰਗਲਾਦੇਸ਼ੀ ਬੱਚੇ ਗਰੀਬੀ ਰੇਖਾ ਤੋਂ ਹੇਠਾਂ ਜੀ ਰਹੇ ਹਨ।

ਭੀੜ-ਭੜੱਕੇ ਦੀ ਸਮੱਸਿਆ ਵੀ ਗੰਭੀਰ ਹੈ — 18% ਬੰਗਲਾਦੇਸ਼ੀ, 16% ਕਾਲੇ ਅਫਰੀਕੀ, ਅਤੇ 4% ਭਾਰਤੀ ਪਰਿਵਾਰ ਭੀੜ ਵਾਲੇ ਘਰਾਂ ਵਿੱਚ ਰਹਿੰਦੇ ਹਨ, ਜਦਕਿ ਗੋਰੇ ਬ੍ਰਿਟਿਸ਼ ਪਰਿਵਾਰਾਂ ਵਿਚ ਇਹ ਅੰਕੜਾ ਸਿਰਫ਼ 2% ਹੈ।

"ਇਹ ਉਹੀ ਪਰਿਵਾਰ ਹਨ ਜਿਨ੍ਹਾਂ ਨੇ ਮਹਾਂਮਾਰੀ ਦੌਰਾਨ ਬ੍ਰਿਟੇਨ ਨੂੰ ਚਲਦਾ ਰੱਖਿਆ। ਟੈਕਸੀ ਚਲਾਈ, ਹਸਪਤਾਲਾਂ ਵਿੱਚ ਕੰਮ ਕੀਤਾ, ਪਰ ਹੁਣ ਸਭ ਤੋਂ ਪਹਿਲਾਂ ਇਹੀ ਪ੍ਰਭਾਵਿਤ ਹੋ ਰਹੇ ਹਨ," ਗਿੱਲ ਨੇ ਕਿਹਾ।

**ਸਰਕਾਰ 'ਕਾਰਪੋਰੇਟ ਮੁਨਾਫ਼ੇ ਬਚਾ ਰਹੀ'**

ਆਈਡਬਲਯੂਏ ਨੇ ਦੋਸ਼ ਲਗਾਇਆ ਕਿ ਸਰਕਾਰ ਵੱਡੀਆਂ ਕਾਰਪੋਰੇਸ਼ਨਾਂ ਦੇ ਮੁਨਾਫ਼ਿਆਂ ਦੀ ਰੱਖਿਆ ਕਰ ਰਹੀ ਹੈ, ਜਦਕਿ ਆਮ ਮਜ਼ਦੂਰ ਉੱਚੇ ਟੈਕਸਾਂ ਅਤੇ ਕਟੌਤੀਆਂ ਦਾ ਸ਼ਿਕਾਰ ਬਣ ਰਹੇ ਹਨ।

"ਅਸੀਂ ਸਕੈਂਡੇਨੇਵੀਅਨ ਪੱਧਰ ਦੇ ਟੈਕਸ ਦੇ ਰਹੇ ਹਾਂ, ਪਰ ਅਮਰੀਕੀ ਪੱਧਰ ਦੀ ਅਸਮਾਨਤਾ ਮਿਲ ਰਹੀ ਹੈ," ਗਿੱਲ ਨੇ ਕਿਹਾ।

"ਜੇਕਰ ਬ੍ਰਿਟੇਨ ਸੱਚਮੁੱਚ ਠੀਕ ਹੋ ਰਿਹਾ ਹੈ, ਤਾਂ ਸਾਡੇ ਪਰਿਵਾਰ ਫੂਡ ਬੈਂਕਾਂ ਵਿੱਚ ਕਤਾਰਾਂ ਵਿੱਚ ਕਿਉਂ ਖੜ੍ਹੇ ਹਨ?"

**ਸੁਧਾਰਾਂ ਦੀ ਮੰਗ**

ਇੰਡੀਅਨ ਵਰਕਰਜ਼ ਐਸੋਸੀਏਸ਼ਨ ਨੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ:

ਘੱਟ ਆਮਦਨ ਵਾਲੇ ਅਤੇ ਭੀੜ-ਭੜੱਕੇ ਵਾਲੇ ਪਰਿਵਾਰਾਂ ਲਈ ਵਿਸ਼ੇਸ਼ ਸਹਾਇਤਾ ਦਿੱਤੀ ਜਾਵੇ;

ਸਥਾਈ ਊਰਜਾ ਖਰਚਿਆਂ ਵਿੱਚ ਸੁਧਾਰ ਕਰਕੇ ਊਰਜਾ ਕੁਸ਼ਲਤਾ ਵਿੱਚ ਨਿਵੇਸ਼ ਕੀਤਾ ਜਾਵੇ;

ਭੋਜਨ ਦੀਆਂ ਕੀਮਤਾਂ ਅਤੇ ਸੁਪਰਮਾਰਕੀਟ ਮੁਨਾਫ਼ਿਆਂ ਵਿੱਚ ਪਾਰਦਰਸ਼ਤਾ ਲਿਆਂਦੀ ਜਾਵੇ;

ਨਸਲੀ ਤਨਖਾਹ ਦੇ ਪਾੜੇ ਨਾਲ ਨਜਿੱਠਿਆ ਜਾਵੇ ਅਤੇ ਸਥਾਨਕ ਜਨਤਕ ਸੇਵਾਵਾਂ ਵਿੱਚ ਕੀਤੀਆਂ ਕਟੌਤੀਆਂ ਨੂੰ ਵਾਪਸ ਲਿਆ ਜਾਵੇ।

ਸੀਤਲ ਸਿੰਘ ਗਿੱਲ ਨੇ ਕਿਹਾ ਕਿ ਐਸੋਸੀਏਸ਼ਨ ਚਾਂਸਲਰ ਅਤੇ ਸੰਬੰਧਿਤ ਮੰਤਰੀਆਂ ਨੂੰ ਲਿਖ ਕੇ ਪਤਝੜ ਬਜਟ ਤੋਂ ਪਹਿਲਾਂ ਤੁਰੰਤ ਸੁਧਾਰਾਂ ਦੀ ਮੰਗ ਕਰੇਗੀ।

"ਅਸੀਂ ਭਾਰਤੀ, ਏਸ਼ੀਆਈ ਅਤੇ ਕਾਲੇ ਭਾਈਚਾਰੇ ਬ੍ਰਿਟਿਸ਼ ਮਜ਼ਦੂਰ ਵਰਗ ਦਾ ਹਿੱਸਾ ਹਾਂ," ਗਿੱਲ ਨੇ ਕਿਹਾ।

"ਅਸੀਂ ਇਸ ਦੇਸ਼ ਨੂੰ ਬਣਾਉਣ ਵਿੱਚ ਮਦਦ ਕੀਤੀ ਹੈ — ਹੁਣ ਅਸੀਂ ਮਾਣ, ਨਿਆਂ ਅਤੇ ਨਿਰਪੱਖਤਾ ਦੀ ਮੰਗ ਕਰ ਰਹੇ ਹਾਂ।"

# ਹੜ੍ਹਾਂ ਕਾਰਨ ਹੌਸਲਾ ਹਾਰਨ ਦੀ ਥਾਂ ਸੰਘਰਸ਼ ਦੀ ਤਿਆਰੀ ਕਰੋ—ਮਨਜੀਤ ਧਨੇਰ

**ਫ਼ਿਰੋਜ਼ਪੁਰ, 18 ਅਕਤੂਬਰ (ਮਨੋਹਰ ਲਾਲ) :—** ਕਿਸਾਨ ਮਜ਼ਦੂਰ ਜਥੇਬੰਦੀਆਂ ਅਤੇ ਸਮਾਜ ਸੇਵੀ ਸੰਸਥਾਵਾਂ ਵੱਲੋਂ ਹੜ੍ਹ ਮਾਰੇ ਕਿਸਾਨਾਂ ਮਜ਼ਦੂਰਾਂ ਦੀ ਸਹਾਇਤਾ ਲਗਾਤਾਰ ਜਾਰੀ ਹੈ। ਇਸੇ ਕੜੀ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਦੀ ਅਗਵਾਈ ਵਿੱਚ ਅੱਜ ਫਿਰੋਜ਼ਪੁਰ ਦੇ ਹੜ੍ਹ ਪੀੜਤ ਇਲਾਕਿਆਂ ਵਿੱਚ ਕਿਸਾਨਾਂ ਨੂੰ ਕਣਕ ਬੀਜਣ ਲਈ ਬੀਜ, ਖਾਦ ਅਤੇ ਡੀਜ਼ਲ ਦੀ ਸਹਾਇਤਾ ਮੁਹੱਈਆ ਕਰਵਾਈ ਗਈ। ਕੱਲ੍ਹ 17 ਅਕਤੂਬਰ ਦੀ ਰਾਤ ਨੂੰ ਹੀ ਜਥੇਬੰਦੀ ਦਾ ਵੱਡਾ ਕਾਫ਼ਲਾ ਫਿਰੋਜ਼ਪੁਰ ਦੇ ਗੁਰਦੁਆਰਾ ਜਾਮਨੀ ਸਾਹਿਬ ਵਿਖੇ ਪਹੁੰਚ ਗਿਆ ਸੀ ਜਿਸ ਵਿੱਚ ਸੂਬਾ ਪ੍ਰਧਾਨ ਤੋਂ ਇਲਾਵਾ ਸੂਬੇ ਦੇ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ, ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ, ਜਥੇਬੰਦਕ ਸਕੱਤਰ ਕੁਲਵੰਤ ਸਿੰਘ ਕਿਸ਼ਨਗੜ੍ਹ ਅਤੇ ਸੂਬਾ ਪ੍ਰੈਸ ਸਕੱਤਰ ਅੰਗਰੇਜ਼ ਸਿੰਘ ਭਦੌੜ ਤੋਂ ਇਲਾਵਾ ਮਾਨਸਾ, ਬਰਨਾਲਾ, ਮੋਹਾਲੀ ਅਤੇ ਲੁਧਿਆਣਾ ਜ਼ਿਲ੍ਹਿਆਂ ਦੇ ਕਿਸਾਨ ਆਗੂ ਵੀ ਸ਼ਾਮਲ ਸਨ। ਜਥੇਬੰਦੀ ਵੱਲੋਂ ਅੱਜ ਪੱਲ੍ਹਾ ਮੇਘਾ, ਪ੍ਰੀਤਮ ਸਿੰਘ ਵਾਲਾ, ਅੱਛੇ ਵਾਲਾ, ਦਰਵੇਸ਼ੇ ਵਾਲਾ ਅਤੇ ਭੰਮਾਂ ਦੇ ਕਿਸਾਨਾਂ ਮਜ਼ਦੂਰਾਂ ਨੂੰ 200 ਬੋਰੀਆਂ ਡੀ.ਏ.ਪੀ ਖਾਦ, 200 ਬੋਰੀਆਂ ਟੀ.ਐਸ.ਪੀ ਖਾਦ ਅਤੇ 240 ਗੱਟੇ ਕਣਕ ਵੰਡੀ ਗਈ। ਸੂਬਾ ਕਮੇਟੀ ਵੱਲੋਂ ਲਿਆਂਦੀ ਗਈ ਰਾਹਤ ਸਮੱਗਰੀ ਵੰਡਣ ਦੀ ਜ਼ਿੰਮੇਵਾਰੀ ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਜੰਗੀਰ ਸਿੰਘ ਖਹਿਰਾ, ਜਨਰਲ ਸਕੱਤਰ ਗੁਲਜ਼ਾਰ ਸਿੰਘ ਕਬਰਵੱਛਾ, ਸ਼ਮਸ਼ੇਰ ਸਿੰਘ ਸ਼ਿਹਜ਼ਾਦੀ ਅਤੇ ਲਖਵੀਰ ਸਿੰਘ ਡੋਡ ਵੱਲੋਂ ਕੀਤੀ ਗਈ। ਇਸ ਸਬੰਧੀ ਜਥੇਬੰਦੀ ਵੱਲੋਂ ਪਹਿਲਾਂ ਹੀ ਇਨ੍ਹਾਂ ਪਿੰਡਾਂ ਦੇ ਲੋੜਵੰਦ ਕਿਸਾਨਾਂ ਦੀਆਂ ਲਿਸਟਾਂ ਬਣਾ ਲਈਆਂ ਗਈਆਂ ਸਨ। ਜਥੇਬੰਦੀ ਦਾ ਕਾਫ਼ਲਾ ਸਵੇਰੇ ਹੀ ਪਿੰਡ ਪ੍ਰੀਤਮ ਸਿੰਘ ਵਾਲਾ ਦੇ ਗੁਰਦੁਆਰਾ ਸਾਹਿਬ ਵਿਖੇ ਪਹੁੰਚ ਗਿਆ ਸੀ, ਉੱਥੇ ਹੀ ਇਕੱਠੇ ਹੋਏ ਕਿਸਾਨਾਂ ਪਹਿਲਾਂ ਹੀ ਜਥੇਬੰਦੀ ਵੱਲੋਂ ਕੀਤੇ ਸਰਵੇ ਅਨੁਸਾਰ ਲੋੜਵੰਦ ਕਿਸਾਨਾਂ ਦੀਆਂ ਲਿਸਟਾਂ ਦੇਖ ਕੇ ਜਥੇਬੰਦੀ ਵੱਲੋਂ ਪਰਚੀ ਬਣਾ ਕੇ ਦੇ ਦਿੱਤੀ ਜਾਂਦੀ ਸੀ ਅਤੇ ਸੰਬੰਧਤ ਕਿਸਾਨ ਜਥੇਬੰਦੀ ਦੇ ਟਰੱਕ ਕੋਲੋਂ ਦੋ ਬੋਰੀਆਂ ਡੀ.ਏ.ਪੀ, ਇੱਕ ਬੋਰੀ ਟੀ.ਐਸ.ਪੀ ਅਤੇ ਦੋ ਬੋਰੀਆਂ ਕਣਕ ਦੀਆਂ ਪ੍ਰਾਪਤ ਕਰ ਲੈਂਦਾ ਸੀ। ਅੱਜ ਫੇਰ ਜਥੇਬੰਦੀ ਨੂੰ 200 ਬੋਰੀ ਡੀ.ਏ.ਪੀ ਖਾਦ ਹੋਰ ਮਿਲ ਜਾਣ ਦੀ ਸੰਭਾਵਨਾ ਹੈ, ਜਿਉਂ ਹੀ ਇਹ ਖਾਦ ਪ੍ਰਾਪਤ ਹੋ ਜਾਂਦੀ ਹੈ ਤਾਂ ਕੱਲ੍ਹ ਨੂੰ ਹੋਰ ਪਿੰਡਾਂ ਵਿੱਚ ਇਹ ਰਾਹਤ ਸਮੱਗਰੀ ਵੰਡੀ ਜਾਵੇਗੀ। ਪ੍ਰੀਤਮ ਸਿੰਘ ਵਾਲਾ ਦੇ ਗੁਰਦੁਆਰਾ ਸਾਹਿਬ ਵਿਖੇ ਇਕੱਠੇ ਹੋਏ ਕਿਸਾਨਾਂ ਮਜ਼ਦੂਰਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਨੇ ਕਿਹਾ ਕਿ ਹੜ੍ਹ ਕੁਦਰਤੀ ਕਰੋਪੀ ਨਹੀਂ ਸਗੋਂ ਇਸ ਲਈ ਕਾਰਪੋਰੇਟ ਘਰਾਣਿਆਂ ਦੇ ਮੁਨਾਫਿਆਂ ਦੀ ਹਵਸ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਤੋਂ ਹੜ੍ਹ ਰੋਕਣ ਲਈ ਸੁਚੱਜੇ ਪ੍ਰਬੰਧ ਕਰਵਾਉਣ ਵਾਸਤੇ ਅਤੇ ਪੂਰਾ ਮੁਆਵਜ਼ਾ ਲੈਣ ਲਈ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਵਿੱਚ ਸੰਘਰਸ਼ ਵਿੱਢਿਆ ਗਿਆ ਹੈ, ਸਾਰੇ ਕਿਸਾਨਾਂ ਮਜ਼ਦੂਰਾਂ ਨੂੰ ਸੰਘਰਸ਼ ਪ੍ਰੋਗਰਾਮਾਂ ਵਿੱਚ ਭਾਗ ਲੈਣ ਦੀ ਅਪੀਲ ਕੀਤੀ ਗਈ। ਸੂਬੇ ਦੇ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ ਨੇ ਕਿਹਾ ਕਿ ਪਰਾਲੀ ਦੇ ਨਿਪਟਾਰੇ ਲਈ ਸਰਕਾਰ ਗਰੀਨ ਟ੍ਰਿਬਿਊਨਲ ਦੀਆਂ ਸਿਫਾਰਸ਼ਾਂ ਅਨੁਸਾਰ ਕਿਸਾਨਾਂ ਨੂੰ ਮਸ਼ੀਨਰੀ ਜਾਂ ਨਕਦ ਸਹਾਇਤਾ ਉਪਲੱਬਧ ਕਰਵਾਏ, ਅਜਿਹਾ ਨਾ ਹੋਣ ਦੀ ਸੂਰਤ ਵਿੱਚ ਜੇਕਰ ਕਿਸਾਨਾਂ ਖਿਲਾਫ਼ ਪ੍ਰਸ਼ਾਸਨ ਨੇ ਕੋਈ ਵੀ ਕਾਰਵਾਈ ਕੀਤੀ ਜਾਂਦੀ ਹੈ ਤਾਂ ਜਥੇਬੰਦੀ ਉਸ ਦਾ ਸਖ਼ਤ ਵਿਰੋਧ ਕਰੇਗੀ। ਸਹਾਇਤਾ ਸਮੱਗਰੀ ਵੰਡਣ ਸਮੇਂ ਬਰਨਾਲਾ ਜ਼ਿਲ੍ਹੇ ਦੇ ਪ੍ਰਧਾਨ ਕੁਲਵੰਤ ਸਿੰਘ ਮਾਨ, ਲੁਧਿਆਣਾ ਜ਼ਿਲ੍ਹੇ ਦੇ ਪ੍ਰਧਾਨ ਜਗਤਾਰ ਸਿੰਘ ਦੇਹੜਕਾ, ਮੋਹਾਲੀ ਦੇ ਕਨਵੀਨਰ ਪ੍ਰਦੀਪ ਮੁਸਾਹਿਬ, ਜੁਗਰਾਜ ਹਰਦਾਸਪੁਰਾ, ਭੋਲਾ ਸਿੰਘ ਛੰਨਾਂ, ਧੀਰਜ ਸਿੰਘ ਭਦੌੜ, ਜਤਿੰਦਰ ਕੜਮਾ, ਤਰਸੇਮ ਸਿੰਘ ਬੱਸੂਵਾਲ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ ਆਗੂ ਹਾਜ਼ਰ ਸਨ।



# ਗਰੀਨ ਦੀਵਾਲੀ, ਸੁਰੱਖਿਅਤ ਦੀਵਾਲੀ




**ਫ਼ਿਰੋਜ਼ਪੁਰ, 18 ਅਕਤੂਬਰ (ਮਨੋਹਰ ਲਾਲ) :—** ਅੱਜ ਰੋਸ਼ਨੀ ਦੀ ਕਿਰਨ ਨਵੀਂ ਉਮੀਦ ਬਣਕੇ ਆਈ ਹੈ, ਸਭ ਦੇ ਦਿਲਾਂ ਵਿਚ ਕੁਛ ਨਵਾਂ ਹੋਣ ਦੀ ਆਸ ਛਾਈ ਹੈ, ਉਦਾਸ ਨਾ ਹੋਵੋ ਕਿਉਂਕਿ ਫਿਰ ਦੀਵਾਲੀ ਆਈ ਹੈ। ਆਓ ਅਸੀਂ ਸਾਰੇ ਆਪਣੀ ਜਿੰਦਗੀ ਵਿਚ ਹਮੇਸ਼ਾ ਸਕਾਰਤਮਕਤਾ ਦੇ ਦੀਵੇ ਜਲਾਈਏ, ਜੋ ਸਾਡੇ ਹਰ ਤਰ੍ਹਾਂ ਦੇ ਅੱਛੇ—ਬੁਰੇ ਹਾਲਾਤਾਂ ਨੂੰ ਵਰਦਾਨ ਬਣਾ ਦੇਣ। ਇਹ ਵਿਚਾਰ ਸਾਂਝੇ ਕਰਦਿਆਂ ਪੀ.ਸੀ ਕੁਮਾਰ ਨੇ ਕਿਹਾ ਕਿ ਇਹ ਦੀਵਾਲੀ ਤੁਹਾਡੇ ਸਾਰਿਆਂ ਲਈ ਸ਼ੁਭ ਹੋਵੇ ਅਤੇ ਨਵਾਂ ਸਾਲ ਵਧੀਆ ਅਤੇ ਨਿਰਾਸ਼ਾ ਤੋਂ ਮੁਕਤ ਹੋਵੇ। ਉਨ੍ਹਾਂ ਕਿਹਾ ਕਿ ਆਓ ਸਾਰੇ ਗਰੀਨ ਦੀਵਾਲੀ ਮਨਾਉਣ ਦੀ ਸਹੁੰ ਚੁੱਕੀਏ, ਪ੍ਰਦੂਸ਼ਣ ਘਟਾਉਣ ਦੀ ਕੋਸ਼ਿਸ਼ ਕਰੀਏ। ਉਪਰੋਕਤ ਵਿਚਾਰ ਸ੍ਰੀ ਪੀ.ਸੀ ਕੁਮਾਰ ਵੱਲੋਂ ਅੱਜ ਸਵੇਰ ਦੀ ਪ੍ਰਾਰਥਨਾ ਸਭਾ ਵਿਚ ਪ੍ਰਗਟਾਏ ਗਏ। ਅਸੀਂ ਮਾਲਵਾ ਖਾਲਸਾ ਸਕੂਲ ਦੀ ਟੀਮ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ, ਅਸੀਂ ਸਾਰੇ ਪ੍ਰਣ ਕਰਦੇ ਹਾਂ ਕਿ ਵਾਤਾਵਰਣ ਪ੍ਰੇਮੀ ਬਣੀਏ ਅਤੇ ਸਾਰੇ ਬੱਚੇ ਹਰੀ ਦੀਵਾਲੀ ਮਨਾਉ। ਅੰਤ ਵਿਚ ਇਹ ਪ੍ਰਣ ਲਿਆ ਗਿਆ ਕਿ ਸਾਰੇ ਨਿਯਮਾਂ ਤੇ ਅਮਲ ਕਰਾਂਗੇ।

# ਦਿੱਲੀ ਪਬਲਿਕ ਸਕੂਲ ਵਿੱਚ ਦੀਪਾਵਲੀ ਦਾ ਉਤਸ਼ਾਹਪੂਰਨ ਆਯੋਜਨ—ਵਿਦਿਆਰਥੀਆਂ ਨੇ ਵ੍ਰਿਧ ਆਸ਼ਰਮ ਪਹੁੰਚ ਕੇ ਸਾਂਝੀਆਂ ਕੀਤੀਆਂ ਖੁਸ਼ੀਆਂ




**ਫ਼ਿਰੋਜ਼ਪੁਰ, 18 ਅਕਤੂਬਰ (ਮਨੋਹਰ ਲਾਲ) :—** ਦਿੱਲੀ ਪਬਲਿਕ ਸਕੂਲ ਫਿਰੋਜ਼ਪੁਰ ਵਿੱਚ ਦੀਆਂ ਦਾ ਤਿਉਹਾਰ ਦੀਵਾਲੀ ਹਫ਼ਤਾ ਵੱਡੇ ਉਤਸ਼ਾਹ ਅਤੇ ਖੁਸ਼ੀ ਨਾਲ ਮਨਾਇਆ ਗਿਆ। ਇਸ ਮੌਕੇ ਤੇ ਸਾਰੇ ਸਕੂਲ ਪ੍ਰੰਗਣ ਨੂੰ ਦੀਆਂ, ਫੁੱਲਾਂ ਅਤੇ ਰੰਗੋਲੀਆਂ ਨਾਲ ਸੋਹਣੇ ਢੰਗ ਨਾਲ ਸਜਾਇਆ ਗਿਆ। ਵਿਦਿਆਰਥੀਆਂ ਵਿਚ ਰੰਗੋਲੀ ਮੁਕਾਬਲਾ ਵੀ ਕਰਵਾਇਆ ਗਿਆ ਜਿਸ ਨੇ ਮਾਹੌਲ ਨੂੰ ਖੁਸ਼ੀ ਅਤੇ ਉਤਸ਼ਾਹ ਨਾਲ ਭਰ ਦਿੱਤਾ।

ਕਾਰਜਕ੍ਰਮ ਦੀ ਸ਼ੁਰੂਆਤ ਦੀਪ ਪ੍ਰਜੁਲਨ ਅਤੇ ਗੁਰਬਾਣੀ ਪਾਠ ਨਾਲ ਹੋਈ, ਜਿਸ ਨੇ ਪੰਜਾਬ ਦੀ ਆਧਿਆਤਮਿਕ ਪ੍ਰੰਪਰਾ ਦੀ ਝਲਕ ਪੇਸ਼ ਕੀਤੀ। ਵਿਦਿਆਰਥੀਆਂ ਨੇ ਗੀਤ, ਨਾਚ, ਕਵਿਤਾ ਅਤੇ ਨੁੱਕੜ ਨਾਟਕ ਵਰਗੀਆਂ ਸੱਭਿਆਚਾਰਕ ਪੇਸ਼ਕਾਰੀਆਂ ਰਾਹੀਂ ਇਹ ਸੁਨੇਹਾ ਦਿੱਤਾ ਕਿ ਦੀਵਾਲੀ ਸਿਰਫ਼ ਰੋਸ਼ਨੀ ਦਾ ਤਿਉਹਾਰ ਨਹੀਂ, ਸਗੋਂ ਬੁਰਾਈ ਉੱਤੇ ਚੰਗਾਈ ਅਤੇ ਹਨੇਰੇ ਉੱਤੇ ਰੋਸ਼ਨੀ ਦੀ ਜਿੱਤ ਦਾ ਪ੍ਰਤੀਕ ਹੈ। ਦੀਵਾਲੀ ਦੇ ਇਸ ਪਵਿੱਤਰ ਦਿਹਾੜੇ 'ਤੇ ਵਿਦਿਆਰਥੀਆਂ ਨੇ ਸਮਾਜ ਸੇਵਾ ਦੀ ਭਾਵਨਾ ਨੂੰ ਅੱਗੇ ਵਧਾਉਂਦੇ ਹੋਏ ਸ਼੍ਰੀ ਰਾਮ ਵ੍ਰਿਧ ਸੇਵਾ ਆਸ਼ਰਮ ਦਾ ਦੌਰਾ ਕੀਤਾ, ਉਥੇ ਜਾ ਕੇ ਉਨ੍ਹਾਂ ਨੇ ਬਜ਼ੁਰਗਾਂ ਨਾਲ ਸਮਾਂ ਬਿਤਾਇਆ, ਦੀਏ ਜਲਾਏ, ਮਿਠਾਈਆਂ ਵੰਡੀਆਂ ਅਤੇ ਸਾਰੇ ਆਸ਼ਰਮ ਨੂੰ ਦੀਆਂ ਅਤੇ ਫੁੱਲਾਂ ਨਾਲ ਸਜਾਇਆ, ਬੱਚਿਆਂ ਦੀ ਸੇਵਾ ਅਤੇ ਪਿਆਰ ਭਾਵਨਾ ਨੇ ਉਥੇ ਮੌਜੂਦ ਹਰ ਕਿਸੇ ਦੇ ਦਿਲ ਨੂੰ ਛੂਹ ਲਿਆ। ਸਕੂਲ ਦੀ ਪ੍ਰਿੰਸੀਪਲ ਡਾ: ਲਤਾ ਤੇਜਪਾਲ ਨੇ ਆਪਣੇ ਪ੍ਰੇਰਕ ਸੰਬੋਧਨ ਵਿੱਚ ਕਿਹਾ ਕਿ ਅਜਿਹੇ ਪ੍ਰੋਗਰਾਮ ਵਿਦਿਆਰਥੀਆਂ ਵਿੱਚ ਸੰਵੇਦਨਸ਼ੀਲਤਾ, ਕਰੂਣਾ ਅਤੇ ਸਮਾਜ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਦੇ ਹਨ। ਉਨ੍ਹਾਂ ਕਿਹਾ ਦੀਵਾਲੀ ਦਾ ਅਸਲ ਅਰਥ ਤਦ ਹੀ ਪੂਰਾ ਹੁੰਦਾ ਹੈ ਜਦੋਂ ਅਸੀਂ ਕਿਸੇ ਹੋਰ ਦੀ ਜ਼ਿੰਦਗੀ ਵਿੱਚ ਖੁਸ਼ੀਆਂ ਦੀ ਰੋਸ਼ਨੀ ਜਗਾਉਂਦੇ ਹਾਂ। ਕਾਰਜਕ੍ਰਮ ਦਾ ਸਮਾਪਨ ਇੱਕ ਦੀਆ ਮਨੁੱਖਤਾ ਦੇ ਨਾਮ ਦੇ ਸੁਨੇਹੇ ਨਾਲ ਕੀਤਾ ਗਿਆ। ਪ੍ਰੋਗਰਾਮ ਵਿੱਚ ਸਕੂਲ ਦੇ ਅਧਿਆਪਕਾਂ, ਮਾਪਿਆਂ ਅਤੇ ਪ੍ਰਬੰਧਕ ਮੈਂਬਰਾਂ ਦੀ ਸਰਗਰਮ ਭਾਗੀਦਾਰੀ ਨੇ ਇਸ ਤਿਉਹਾਰ ਨੂੰ ਹੋਰ ਵੀ ਪ੍ਰੇਰਣਾਦਾਇਕ ਬਣਾ ਦਿੱਤਾ।

# ਮੇਅਰ ਪਦਮਜੀਤ ਸਿੰਘ ਮਹਿਤਾ ਨੇ ਪ੍ਰੀਮਿਕਸ ਵਰਕ ਦਾ ਕੀਤਾ ਸ਼ੁਭ ਆਰੰਭ

**ਬਠਿੰਡਾ, 17 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਕੌਂਸਲਰ ਮੈਡਮ ਮਮਤਾ ਸੈਣੀ ਦੇ ਵਾਰਡ ਨੰਬਰ 38 ਵਿੱਚ ਸੜਕਾਂ 'ਤੇ ਪ੍ਰੀਮਿਕਸ ਵਿਛਾਉਣ ਦੇ ਕੰਮ ਦਾ ਸ਼ੁਭ ਆਰੰਭ ਕੀਤਾ। ਇਹ ਕੰਮ ਲਗਭਗ 50 ਲੱਖ ਰੁਪਏ ਦੀ ਲਾਗਤ ਨਾਲ ਕੀਤਾ ਜਾ ਰਿਹਾ ਹੈ। ਇਸ ਦੌਰਾਨ ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਦੇ ਨਾਲ ਐਮਸੀ ਸ਼੍ਰੀ ਵਿਨੋਦ ਸੈਣੀ, ਐਮਸੀ ਸ਼੍ਰੀ ਸੰਦੀਪ ਬੌਬੀ, ਐਮਸੀ ਸ਼੍ਰੀ ਰਾਜਕੁਮਾਰ ਗੋਇਲ, ਸ਼੍ਰੀ ਸੰਜੀਵ ਸੈਣੀ, ਸ਼੍ਰੀ ਕੁਲਦੀਪ ਸਿੰਘ, ਸ਼੍ਰੀ ਅਨਿਲ ਸ਼ਰਮਾ, ਸ਼੍ਰੀ ਮਨੀਸ਼ ਮਿੱਤਲ, ਸ਼੍ਰੀ ਮੋਨੂੰ, ਐਸਡੀਓ ਸ਼੍ਰੀ ਯੋਗੇਸ਼ ਕੁਮਾਰ ਅਤੇ ਜੇਈ ਸ਼੍ਰੀ ਸਚਿਨ ਕੁਮਾਰ ਸਮੇਤ ਇਲਾਕਾ ਨਿਵਾਸੀ ਮੌਜੂਦ ਸਨ। ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਇਸ ਮੌਕੇ ਕਿਹਾ ਕਿ ਨਗਰ ਨਿਗਮ ਦਾ ਮੁੱਖ ਉਦੇਸ਼ ਬਠਿੰਡਾ ਨੂੰ ਇੱਕ ਆਧੁਨਿਕ ਅਤੇ ਸੁਵਿਧਾਜਨਕ ਸ਼ਹਿਰ ਬਣਾਉਣਾ ਹੈ। ਸ਼ਹਿਰ ਦੇ ਵਸਨੀਕਾਂ ਨੂੰ ਬਿਹਤਰ ਸੜਕਾਂ, ਸਾਫ਼ ਵਾਤਾਵਰਣ ਅਤੇ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨਾ ਨਗਰ ਨਿਗਮ ਦੀ ਪਹਿਲੀ ਤਰਜੀਹ ਹੈ। ਉਨ੍ਹਾਂ ਕਿਹਾ ਕਿ ਤਿਉਹਾਰਾਂ ਦੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ, ਸੜਕ ਸੁਧਾਰ ਕਾਰਜ ਤੇਜ਼ ਰਫ਼ਤਾਰ ਨਾਲ ਪੂਰੇ ਕੀਤੇ ਜਾ ਰਹੇ ਹਨ, ਤਾਂ ਜੋ ਨਾਗਰਿਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਅਸੁਵਿਧਾ ਦਾ ਸਾਹਮਣਾ ਨਾ ਕਰਨਾ ਪਵੇ।

### ਭੂਰਾ ਕੋਨਾ ਵਿਖੇ ਸੰਤ ਬਾਬਾ ਕਰਤਾਰ ਸਿੰਘ ਜੀ ਭਿੰਡਰਾਂਵਾਲਿਆਂ ਦੇ

# ਜਨਮ ਦਿਵਸ ਮੌਕੇ ਸਲਾਨਾ ਸਮਾਗਮ ਦਾ ਆਯੋਜਨ









**ਭੂਰਾ ਕੋਨਾ, 18 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਅਤੇ ਕੌਮ ਦੇ ਮਾਣ ਸੰਤ ਬਾਬਾ ਕਰਤਾਰ ਸਿੰਘ ਜੀ ਭਿੰਡਰਾਂਵਾਲਿਆਂ ਦੇ ਜਨਮ ਦਿਵਸ ਨੂੰ ਸਮਰਪਿਤ ਸਲਾਨਾ ਸਮਾਗਮ ਨਗਰ ਭੂਰਾ ਕੋਨਾ ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਮਾਗਮ ਦੌਰਾਨ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ, ਜਿੱਥੇ ਸੰਤ ਜੀ ਦੀਆਂ ਮਹਾਨ ਘਾਲਣਾਵਾਂ ਅਤੇ ਕੌਮ ਲਈ ਕੀਤੀਆਂ ਸੇਵਾਵਾਂ ਨੂੰ ਯਾਦ ਕਰਦੇ ਹੋਏ ਉਨ੍ਹਾਂ ਦੇ ਜੀਵਨ ਤੋਂ ਸਿੱਖ ਪੰਥ ਲਈ ਸਬਕ ਪ੍ਰਾਪਤ ਕਰਨ 'ਤੇ ਜ਼ੋਰ ਦਿੱਤਾ ਗਿਆ। ਇਸ ਮੌਕੇ ਸੰਗਤਾਂ ਨੇ ਸੰਤ ਜੀ ਦੇ ਪਰਿਵਾਰ ਵੱਲੋਂ ਕੀਤੀਆਂ ਕੁਰਬਾਨੀਆਂ ਨੂੰ ਯਾਦ ਕਰਦਿਆਂ ਆਪਣੀ ਸ਼ਰਧਾਂਜਲੀ ਭੇਟ ਕੀਤੀ। ਪੰਥ ਦੀ ਮਾਣਮੱਤੀ ਸ਼ਖ਼ਸੀਅਤ ਬੀਬਾ ਸਤਵੰਤ ਕੌਰ ਜੀ (ਚੇਅਰਪਰਸਨ, ਪੰਥਕ ਕੌਂਸਲ) ਅਤੇ ਭਾਈ ਮਨਜੀਤ ਸਿੰਘ ਜੀ (ਸੀਨੀਅਰ ਮੀਤ ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ - ਪੁਨਰ ਸੁਰਜੀਤ) ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ, ਜਿਨ੍ਹਾਂ ਦੀ ਹਾਜ਼ਰੀ ਨੇ ਸਮਾਗਮ ਦੀ ਸ਼ਾਨ ਵਧਾਈ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੀ ਮੁੱਖ ਲੀਡਰਸ਼ਿਪ ਵੀ ਹਾਜ਼ਰ ਰਹੀ ਅਤੇ ਸੰਤ ਬਾਬਾ ਕਰਤਾਰ ਸਿੰਘ ਜੀ ਦੀਆਂ ਸਿੱਖਿਆਵਾਂ 'ਤੇ ਅਮਲ ਕਰਨ ਤੇ ਉਨ੍ਹਾਂ ਦੇ ਅਧੂਰੇ ਸੁਪਨੇ ਸਿਰੇ ਚਾੜ੍ਹਨ ਦਾ ਸੰਕਲਪ ਕੀਤਾ। ਸਮਾਗਮ ਦੌਰਾਨ ਸੰਗਤਾਂ ਨੇ ਕੀਰਤਨ, ਅਰਦਾਸ ਤੇ ਗੁਰਮਤਿ ਚਿੰਤਨ ਰਾਹੀਂ ਸੰਤ ਜੀ ਨੂੰ ਯਾਦ ਕਰਦਿਆਂ ਕੌਮਕ ਇਕਤਾ ਦਾ ਸੁਨੇਹਾ ਦਿੱਤਾ।

## ਪੰਥ ਦੇ ਸਾਂਝੇ ਉਮੀਦਵਾਰ ਭਾਈ ਮਨਦੀਪ ਸਿੰਘ ਦੇ ਨਾਮਜਦਗੀ ਕਾਗਜ ਦਾਖਲ ਸਮੇਂ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਰਹੀ ਹਾਜ਼ਰ

### ਹਰ ਬੂਥ ਉੱਪਰ ਸ਼੍ਰੋਮਣੀ ਅਕਾਲੀ ਦਲ ਵਰਕਰ ਦੇਣਗੇ ਡਟਵਾਂ ਪਹਿਰਾ - ਜੱਥੇਦਾਰ ਵਡਾਲਾ



**ਚੰਡੀਗੜ੍ਹ, 18 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਤਰਨਤਾਰਨ ਜ਼ਿਮਨੀ ਚੋਣ ਲਈ ਅੱਜ ਪੰਥ ਦੇ ਸਾਂਝੇ ਉਮੀਦਵਾਰ ਭਾਈ ਮਨਦੀਪ ਸਿੰਘ (ਭਰਾ ਭਾਈ ਸੰਦੀਪ ਸਿੰਘ) ਵੱਲੋਂ ਆਪਣੇ ਨਾਮਜ਼ਦਗੀ ਕਾਗਜ਼ ਦਾਖਲ ਕੀਤੇ ਗਏ। ਇਸ ਮੌਕੇ ਸਮੁੱਚੀਆਂ ਪੰਥਕ ਧਿਰਾਂ ਦੇ ਵੱਡੇ ਇਕੱਠ ਅਤੇ ਸਮਰਥਨ ਵਿਚਕਾਰ ਧੰਨ ਧੰਨ ਬਾਬਾ ਬੁੱਢਾ ਸਾਹਿਬ ਦੇ ਅਸਥਾਨ ਤੋਂ ਐਸਡੀਐਮ ਦਫਤਰ ਤੱਕ ਪੰਥਕ ਜਜ਼ਬਾ ਵੇਖਣ ਨੂੰ ਮਿਲਿਆ। ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਵੱਲੋਂ ਇਸ ਮੌਕੇ ਪਾਰਟੀ ਦੇ ਸਕੱਤਰ ਜਨਰਲ ਜੱਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਦੀ ਅਗਵਾਈ ਹੇਠ ਸੀਨੀਅਰ ਲੀਡਰਸ਼ਿਪ ਜਿਸ ਵਿੱਚ ਸਰਦਾਰ ਸੁਰਜੀਤ ਸਿੰਘ ਰੱਖੜਾ, ਜਥੇਦਾਰ ਸੰਤਾ ਸਿੰਘ ਉਮੈਦਪੁਰ, ਜਥੇਦਾਰ ਸੁੱਚਾ ਸਿੰਘ ਛੋਟੇਪੁਰ, ਜਥੇਦਾਰ ਇਕਬਾਲ ਸਿੰਘ ਝੂੰਦਾਂ, ਜਥੇਦਾਰ ਜਸਬੀਰ ਸਿੰਘ ਘੁੰਮਣ, ਜਥੇਦਾਰ ਰਘੁਬੀਰ ਸਿੰਘ ਰਾਜਾਸਾਸੀ, ਜਥੇਦਾਰ ਸਤਵਿੰਦਰ ਸਿੰਘ ਟੌਹੜਾ ਅਤੇ ਸ. ਅਮਰਿੰਦਰ ਸਿੰਘ ਲਿਬੜਾ ਮੌਜੂਦ ਰਹੇ। ਜੱਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਜਾਣਕਾਰੀ ਸਾਂਝਾ ਕਰਦਿਆਂ ਕਿਹਾ ਕਿ, ਪਾਰਟੀ ਪ੍ਰਧਾਨ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋ ਛੇ ਸੀਨੀਅਰ ਆਗੂਆਂ ਨੂੰ ਬਤੌਰ ਆਬਜ਼ਰਵਰ ਹਲਕਾ ਤਰਨਤਾਰਨ ਦੀ ਜ਼ਿਮਨੀ ਚੋਣ ਲਈ ਲਗਾਇਆ ਗਿਆ ਸੀ। ਹਲਕਾ ਤਰਨਤਾਰਨ ਦੇ ਸਮੂਹ ਵਰਕਰ ਅਤੇ ਸਥਾਨਕ ਲੀਡਰਸ਼ਿਪ ਦੀ ਭਾਵਨਾ ਸੀ ਕਿ ਪੰਥ ਲਈ ਵੱਡੀ ਕੁਰਬਾਨੀ ਕਰਨ ਵਾਲੇ (ਭਾਈ ਸੰਦੀਪ ਸਿੰਘ) ਦੇ ਭਰਾ ਪੰਥ ਦੇ ਸਾਂਝੇ ਉਮੀਦਵਾਰ ਭਾਈ ਮਨਦੀਪ ਸਿੰਘ ਦੀ ਜਿੱਤ ਨੂੰ ਯਕੀਨੀ ਬਣਾਇਆ ਜਾਵੇ। ਓਹਨਾਂ ਕਿਹਾ ਕਿ ਪੰਥ ਦੀ ਭਾਵਨਾ ਤੇ ਪਹਿਰਾ ਦਿੰਦੇ ਹੋਏ ਅੱਜ ਸਮੁੱਚੀ ਸੀਨੀਅਰ ਲੀਡਰਸ਼ਿਪ ਨਾਮਜਦਗੀ ਦਾਖਲ ਸਮੇਂ ਹਾਜ਼ਰ ਰਹੀ। ਜੱਥੇਦਾਰ ਵਡਾਲਾ ਨੇ ਕਿਹਾ ਕਿ ਪੰਥ ਦੀ ਇਕਜੁਟਤਾ ਲਈ ਹੋਈ ਹਰ ਪਹਿਲਕਦਮੀ ਲਈ ਪਾਰਟੀ ਖੁੱਲ੍ਹੇ ਮਨ ਨਾਲ ਵਿਚਾਰ ਕਰਦੀ ਹੈ। ਪੰਥ ਦੀ ਸਾਂਝੀ ਅਵਾਜ਼ ਨੇ ਭਾਈ ਮਨਦੀਪ ਸਿੰਘ ਨੂੰ ਤਰਨਤਾਰਨ ਤੋਂ ਉਮਦੀਵਾਰ ਬਣਾਇਆ ਹੈ, ਇਸ ਲਈ ਪੰਥ ਦੀ ਅਵਾਜ ਅਤੇ ਪਹਿਲਕਦਮੀ ਤੇ ਪੂਰਾ ਪਹਿਰਾ ਦਿੱਤਾ ਜਾਵੇਗਾ। ਜੱਥੇਦਾਰ ਵਡਾਲਾ ਨੇ ਕਿਹਾ ਕਿ ਪੁਨਰ ਸੁਰਜੀਤ ਸ਼੍ਰੋਮਣੀ ਅਕਾਲੀ ਦਲ ਦੇ ਵਰਕਰ ਹਰ ਬੂਥ ਉੱਪਰ ਡਟ ਕੇ ਭਾਈ ਮਨਦੀਪ ਸਿੰਘ ਲਈ ਚੋਣ ਪ੍ਰਚਾਰ ਵਿੱਚ ਜੁਟਣਗੇ। ਓਹਨਾ ਕਿਹਾ ਕਿ ਸਮੁੱਚੀ ਲੀਡਰਸ਼ਿਪ ਤਰਨਤਾਰਨ ਦੀ ਜ਼ਿਮਨੀ ਚੋਣ ਲਈ ਪ੍ਰਚਾਰ ਕਰਨ ਉਤਰੇਗੀ। ਇਸ ਦੇ ਨਾਲ ਹੀ ਜੱਥੇਦਾਰ ਵਡਾਲਾ ਨੇ ਸਮੁੱਚੇ ਪੰਥ ਹਿਤੈਸ਼ੀਆਂ ਅਤੇ ਹਲਕਾ ਤਰਨਤਾਰਨ ਦੇ ਵੋਟਰਾਂ ਨੂੰ ਅਪੀਲ ਕੀਤੀ ਕਿ, ਭਾਈ ਸੰਦੀਪ ਸਿੰਘ ਸਨੀ ਦੀ ਵੱਡੀ ਕੁਰਬਾਨੀ ਦਾ ਮੁੱਲ ਮੋੜਦੇ ਹੋਏ ਇਸ ਜਿੱਤ ਨੂੰ ਨਾ ਸਿਰਫ ਯਕੀਨੀ ਬਣਾਉਣ ਸਗੋ ਪੰਥ ਦੀ ਮਜ਼ਬੂਤੀ ਨੂੰ ਪੁਖ਼ਤਾ ਕਰਨ।

ਆਵਾਜ਼ਿ ਕੌਮ AWAZE QAUM International Newspaper & WEB TV

## ਦਿਵਾਲੀ ਤਿਓਹਾਰ ਤੇ ਵਿਸ਼ੇਸ਼

### ਮਸ਼ੀਨੀ ਯੁੱਗ ਦੇ ਦੌਰ ਚ ਖਰੀਦੋ ਫਰੋਖਤ ਕਰਦਿਆਂ, ਹੱਥ ਕਲਾ ਦਾ ਵੀ ਧਿਆਨ ਰੱਖਿਆ ਜਾਵੇ ਂ ਪਠਲਾਵਾ ਸੰਸਥਾ



**ਦਿਵਾਲੀ** ਰੌਸ਼ਨੀਆਂ ਦਾ ਤਿਓਹਾਰ ਹੈ। ਪੁਰਾਤਨ ਸਮੇਂ ਵਿੱਚ ਲੋਕ ਇਸ ਦਿਨ ਨੂੰ ਮਨਾਉਣ ਲਈ ਹੱਥਾਂ ਨਾਲ ਤਿਆਰ ਕੀਤੇ ਮਿੱਟੀ ਦੇ ਦੀਵਿਆਂ ਵਿਚ ਦੇਸੀ ਤੇਲ ਜਾਂ ਘਿਓ ਪਾਕੇ ਆਪਣੇ ਘਰਾਂ ਦੇ ਬਨੇਰਿਆਂ ਤੇ ਰੱਖ ਕੇ ਖੁਸ਼ੀ ਦਾ ਇਜ਼ਹਾਰ ਕਰਦੇ ਸਨ। ਪਰ ਅੱਜ ਤਰੱਕੀ ਦੇ ਯੁੱਗ ਚ ਵਿਚ ਵਿਚਰਦਿਆਂ ਇਹ ਸਾਰਾ ਕੁਝ ਬਦਲ ਚੁੱਕਾ ਹੈ ਇਸ ਸੰਦਰਭ ਵਿਚ ਸੰਸਥਾ ਦੇ ਚੇਅਰਮੈਨ ਸ ਇੰਦਰਜੀਤ ਸਿੰਘ ਵਾਰੀਆ, ਸੀਨੀਅਰ ਉਪ ਚੇਅਰਮੈਨ ਸ ਤਰਲੋਚਨ ਸਿੰਘ ਵਾਰੀਆ, ਸਰਪ੍ਰਸਤ ਸ ਬਲਵੀਰ ਸਿੰਘ ਐਕਸ ਆਰਮੀ, ਪ੍ਰਧਾਨ ਪਰਮਜੀਤ ਸਿੰਘ ਸੂਰਾਪੁਰ,ਉਪ ਪ੍ਰਧਾਨ ਸ ਬਲਵੀਰ ਸਿੰਘ ਯੂ ਕੇ ਸਾਹਿਬ, ਜਨਰਲ ਸਕੱਤਰ ਮਾ ਤਰਲੋਚਨ ਸਿੰਘ ਪਠਲਾਵਾ,ਸੰਸਥਾ ਦੇ ਮੁੱਖ ਬੁਲਾਰੇ ਲੈਕਚਰਾਰ ਤਰਸੇਮ ਪਠਲਾਵਾ ਸੰਦੀਪ ਕੁਮਾਰ ਗੌੜ , ਸਤੀਸ਼ ਕੁਮਾਰ ਐਮਾਂ ਜਟਾਂ ਅਤੇ ਰਮੇਸ਼ ਕੁਮਾਰ ਪਠਲਾਵਾ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਆਖਿਆਂ



ਕਿ ਹੱਥੀ ਦੀਵੇ ਬਨਾਉਣ ਵਾਲੇ ਲੋਕਾਂ ਦਾ ਕਦੇ ਬੋਲਬਾਲਾ ਸੀ ਇਹਨਾਂ ਲੋਕਾਂ ਨੂੰ ਉਹਨਾਂ ਦੀ ਕਲਾ ਦਾ ਮੁੱਲ ਵੀ ਪੂਰਾ ਮਿਲਦਾ ਸੀ ਤੇ ਲੋਕ ਇਹਨਾਂ ਦੇ ਕਦਰਦਾਨ ਵੀ ਸਨ ਦਿਵਾਲੀ ਵਾਲੀ ਰਾਤ ਨੂੰ ਲੋਕ ਘਰਾਂ ਦੇ ਕਢਾਏ ਦੇਸੀ ਤੇਲ ਨਾਲ ਰੂ ਦੀ ਬੱਤੀ ਨੂੰ ਡਬੋ ਕੇ ਜਦੋਂ ਜਲਾਇਆ ਕਰਦੇ ਸਨ ਤਾਂ ਆਲਾ ਦੁਆਲਾ ਸੁਗੰਧੀਆਂ ਨਾਲ ਭਰ ਜਾਂਦਾ ਸੀ ਪਰ ਅੱਜ ਸਮਾਂ ਟੋਟਲੀ ਬਦਲ ਚੁੱਕਾ ਹੈ । ਆਪਣੀ ਹੱਥ ਕਲਾ ਨੂੰ ਉਜਾਗਰ ਰੱਖਣ ਲਈ ਇਹ ਲੋਕ ਅੱਜ ਵੀ ਹੱਥੀਂ ਦੀਵੇ ,ਬੁੱਘੀਆ ਚੋਮੁਖੀਏ ਦੀਵੇ ਅਤੇ ਦਿਵਾਲੀਆਂ ਤਿਆਰ ਕਰਦੇ ਹਨ ਪਰ ਹੁਣ ਉਹਨਾਂ ਦੀ ਕਲਾ ਦਾ ਮੁੱਲ ਨਹੀਂ ਪੈ ਰਿਹਾ ਸੜਕਾਂ ਕਿਨਾਰੇ ਢੇਰਾਂ ਦੀ ਤਾਦਾਦ ਵਿਚ ਪਏ ਦੀਵੇ ਆਪਣੀ ਕਿਸਮਤ ਨੂੰ ਕੋਸ ਰਹੇ ਹਨ ਦੂਸਰੇ ਪਾਸੇ ਚੀਨ ਅਤੇ ਮਲਟੀ ਨੈਸ਼ਨਲ ਕੰਪਨੀਆਂ ਭਾਰਤੀ ਲੋਕਾਂ ਦੀ ਮਾਨਸਿਕਤਾ ਨੂੰ ਪੂਰੀ ਤਰਾਂ ਕੈਸ਼ ਕਰਕੇ ਅਰਬਾਂ ਖਰਬਾਂ ਦਾ ਵਿਓਪਾਰ ਕਰ ਕੇ ਸਾਡੀ ਖ਼ੂਨ ਪਸੀਨੇ ਦੀ ਕਮਾਈ ਦੀ ਲੁੱਟ ਖਸੁੱਟ ਕਰ ਰਹੇ ਹਨ। ਮਿੱਟੀ ਦੇ ਦੀਵੇ ਤਿਆਰ ਕਰਨ ਵਾਲੈ ਲੋਕ ਕੋਸ ਰਹੇ ਹਨ । ਸਾਡੀ ਰੋਜ਼ੀ ਰੋਟੀ ਦਾ ਕਿਆ ਬਣੇਗਾ ਸੰਸਥਾ ਦੇ ਬੁਲਾਰਿਆਂ ਵਲੋਂ ਸਮਾਜ ਨੂੰ ਪੁਰਜ਼ੋਰ ਅਪੀਲ ਹੈ ਕਿ ਇਹ ਤਿਉਹਾਰ ਰੋਸ਼ਨੀਆਂ ਦਾ ਤਾ ਜ਼ਰੂਰ ਹੈ ਪਰ ਨਾਲ ਨਾਲ ਭਾਈਚਾਰਕ ਸਾਂਝਾਂ ਤੇ ਲੋੜਵੰਦਾਂ ਦੀ ਮਦਦ ਕਰਨ ਲਈ ਵੀ ਸਾਨੂੰ ਪਰੇਰਦਾ ਹੈ ਇਸ ਲਈ ਜਿਥੇ ਅਸੀਂ ਪਟਾਕੇ ਮਠਿਆਈ ਅਤੇ ਹੋਰ ਸਮਾਨ ਦੀ ਖਰੀਦਦਾਰੀ ਕਰਕੇ ਉਹਨਾਂ ਲੋਕਾਂ ਦੀਆਂ ਤਿਜੋਰੀਆਂ ਭਰਨ ਲੱਗਿਆ ਰਤਾ ਵੀ ਸੰਕੋਚ ਨਹੀਂ ਕਰਦੇ ਤਾਂ ਹੱਥੀਂ ਕੰਮ ਕਰਨ ਵਾਲੇ ਲੋਕਾਂ ਦੀ ਮਿਹਨਤ ਦਾ ਸ਼ੋਸਣ ਕਰਕੇ ਉਹਨਾਂ ਦੇ ਢਿੱਡ ਤੇ ਲੱਤ ਵੀ ਕਿਓਂ ਮਾਰ ਰਹੇ ਹੋ। ਕਹਿੰਦੇ ਹਨ ਕਿ ਗਰੀਬ ਤੇ ਲੋੜਵੰਦ ਲੋਕਾਂ ਨੂੰ ਵਟਾਏ ਪੈਸੇ ਨਾਲ ਜਦੋਂ ਉਹਨਾਂ ਲੋਕਾਂ ਤੇ ਚਿਹਰੇ ਤੇ ਮੁਸਕਾਨ ਆਉਂਦੀ ਹੈ ਤਾਂ ਸਮਝੋ ਤਹਾਡੇ ਤੇ ਵਹਿਗੁਰੂ ਜੀ ਮਿਹਰਵਾਨ ਹੋ ਗਿਆ ਹੈ। ਏਕ ਨੂਰ ਸਵੈ ਸੇਵੀ ਸੰਸਥਾ ਪਠਲਾਵਾ ਦੇ ਸਮੂਹ ਅਹੁਦੇਦਾਰ ਅਤੇ ਮੈਂਬਰਾਨ ਸਮੇਤ ਇਸਤਰੀ ਵਿੰਗ ਦਾ ਇਹੀ ਸੰਦੇਸ਼ ਹੈ ਕਿ ਹੱਥੀ ਕਲਾ ਕਿਰਤਾਂ ਤਿਆਰ ਕਰਨ ਵਾਲੇ ਇਹਨਾ ਲੋਕਾਂ ਦਾ ਵੀ ਖਿਆਲ ਰੱਖਿਆ ਜਾਵੇ ਇਹਨਾਂ ਲੋਕਾਂ ਦੇ ਕੋਈ ਸੋ ਰੂਮ ਨਹੀਂ ਹਨ ਇਹ ਲੋਕ ਤੁਹਾਨੂੰ ਪਿੰਡਾਂ ਵਿਚ ਹੋਕਾ ਦਿੰਦੇ ਅਤੇ ਸ਼ਹਿਰਾਂ ਵਿਚ ਫੁੱਟਪਾਥਾਂ ਤੇ ਬੈਠੇ ਜ਼ਰੂਰ ਮਿਲ ਜਾਣਗੇ ।

**-ਵਿਸ਼ੇਸ਼ ਰਿਪੋਰਟ ਹਰਪ੍ਰੀਤ ਸਿੰਘ ਪਠਲਾਵਾ**

ਆਵਾਜ਼ਿ ਕੌਮ AWAZE QAUM International Newspaper & WEB TV

ਭਾਈ ਮਨਦੀਪ ਸਿੰਘ ਵੱਲੋਂ ਕਾਗਜ਼ ਭਰਨ ਮੌਕੇ

# ਬੀੜ ਬਾਬਾ ਬੁੱਢਾ ਸਾਹਿਬ ਤੋਂ ਨਤਮਸਤਕ ਹੋਕੇ ਵੱਡਾ ਰੋਡ ਸ਼ੋ ਕੱਢਿਆ ਗਿਆ









**ਤਰਨਤਾਰਨ, 18 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਅਕਾਲੀ ਦਲ ਵਾਰਸ ਪੰਜਾਬ ਵੱਲੋਂ ਅੱਜ ਭਾਈ ਮਨਦੀਪ ਸਿੰਘ ਦੇ ਨਾਮਜ਼ਦਗੀ ਪੱਤਰ ਭਰਨ ਮੌਕੇ ਬੀੜ ਬਾਬਾ ਬੁੱਢਾ ਸਾਹਿਬ ਤੋਂ ਨਤਮਸਤਕ ਹੋਕੇ ਇਕ ਵੱਡਾ ਰੋਡ ਸ਼ੋ ਸ਼ਾਨਦਾਰ ਢੰਗ ਨਾਲ ਕੱਢਿਆ ਗਿਆ। ਸੰਗਤਾਂ ਦੇ ਸਹਿਯੋਗ ਨਾਲ ਕੱਢੇ ਗਏ ਇਸ ਰੋਡ ਸ਼ੋ ਨੇ ਖੇਤਰ ਵਿੱਚ ਕੌਮੀ ਜੋਸ਼ ਤੇ ਭਾਵਨਾਵਾਂ ਦਾ ਮਹੌਲ ਬਣਾਇਆ। ਇਸ ਮੌਕੇ ਮੈਂਬਰ ਪਾਰਲੀਮੈਂਟ ਭਾਈ ਸਰਬਜੀਤ ਸਿੰਘ ਖਾਲਸਾ, ਬਾਪੂ ਤਰਸੇਮ ਸਿੰਘ ਅਤੇ ਅਕਾਲੀ ਦਲ ਵਾਰਸ ਪੰਜਾਬ ਦੀ ਸਮੁੱਚੀ ਟੀਮ ਹਾਜ਼ਰ ਰਹੀ। ਸਮਾਗਮ ਦੌਰਾਨ ਸਿੱਖ ਕੌਮ ਦੀ ਇਕਤਾ, ਸੱਚੀ ਸੇਵਾ ਅਤੇ ਪੰਥਕ ਮੁੱਲਾਂ ਦੀ ਪਾਲਣਾ 'ਤੇ ਜ਼ੋਰ ਦਿੱਤਾ ਗਿਆ। ਇਸ ਰੋਡ ਸ਼ੋ ਦੌਰਾਨ ਭੈਣ ਸੰਦੀਪ ਕੌਰ ਖਾਲਸਾ, ਬਲਵਿੰਦਰ ਸਿੰਘ ਰੋਡੇ, ਦਿਆ ਸਿੰਘ ਮਹਿਰਾਜ, ਦਲੇਰ ਸਿੰਘ ਡੋਡ, ਤੇਜਵਿੰਦਰ ਸਿੰਘ ਮਚਾਕੀ, ਬੱਬੂ ਪਤੋ, ਹਰਪ੍ਰੀਤ ਸਿੰਘ ਸਮਾਧ, ਭਾਈ ਕਰਮਜੀਤ ਸਿੰਘ ਰਸੂਲਪੁਰ, ਗੁਰਮੀਤ ਸਿੰਘ ਮਹਾਲਾ, ਮਨਿੰਦਰ ਸਿੰਘ ਸੂਬੇਦਾਰ, ਹਰਬੰਸ ਸਿੰਘ ਮਾਨੀਸਿੰਘ ਵਾਲਾ ਅਤੇ ਹਰਵਿੰਦਰ ਸਿੰਘ ਜੈਤੋ ਸਮੇਤ ਕਈ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ। ਸੰਗਤਾਂ ਨੇ ਭਾਈ ਮਨਦੀਪ ਸਿੰਘ ਨੂੰ ਪੂਰੀ ਤਰ੍ਹਾਂ ਸਮਰਥਨ ਦਿੰਦਿਆਂ ਕੌਮਕ ਮਿਸ਼ਨ ਲਈ ਉਨ੍ਹਾਂ ਦੇ ਹੱਕ 'ਚ ਨਾਰੇਬਾਜ਼ੀ ਕੀਤੀ ਤੇ ਪੰਥਕ ਏਕਤਾ ਦਾ ਸੰਦੇਸ਼ ਦਿੱਤਾ।

ਆਵਾਜ਼ਿ ਕੌਮ AWAZE QAUM International Newspaper & WEB TV

# ਐੱਸ ਜੀ ਐੱਨ ਇੰਟਰਨੈਸ਼ਨਲ ਸਕੂਲ ਵੱਲੋਂ ਨਸ਼ਾ ਵਿਰੋਧੀ ਤੇ ਪ੍ਰਦੂਸ਼ਣ ਮੁਕਤ ਦੀਵਾਲੀ ਮਨਾਉਣ ਦਾ ਸੱਦਾ







ਬਰਨਾਲਾ -(ਵਰਿਆਮ ਹਠੂਰ) ਇਲਾਕੇ ਦੀ ਉੱਘੀ ਅਤੇ ਨਾਮਵਰ ਵਿੱਦਿਅਕ ਸੰਸਥਾ ਐੱਸ.ਜੀ. ਇੰਟਰਨੈਸ਼ਨਲ ਸਕੂਲ ਦੀਵਾਨਾ (ਬਰਨਾਲਾ) ਵੱਲੋਂ ਨਸ਼ਾ ਵਿਰੋਧੀ ਅਤੇ ਪ੍ਰਦੂਸ਼ਣ ਮੁਕਤ ਦੀਵਾਲੀ ਮਨਾਉਣ ਦਾ ਸੱਦਾ ਦਿੱਤਾ ਗਿਆ ਇਸ ਮੋਕੇ ਸਕੂਲ ਪਿੰਸੀਪਲ ਮੱਖਣ ਸਿੰਘ ਦੀਵਾਨਾ ਨੇ ਬੱਚਿਆਂ ਪ੍ਰਦੂਸ਼ਣ ਮੁਕਤ ਦੀਵਾਲੀ ਮਨਾਉਣ ਦਾ ਸੱਦਾ ਦਿੱਤਾ ਤੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਉਹਨਾ ਦੱਸਿਆ ਅਸੀ ਪ੍ਰਦੂਸ਼ਣ ਮੁਕਤ ਦੀਵਾਲੀ ਮਨਾ ਕੇ ਵਾਤਾਵਰਣ ਨੂੰ ਦੂਸ਼ਿਤ ਹੋਣ ਤੋਂ ਬਚਾ ਸਕਦੇ ਹਾਂ ਸਕੂਲ ਦੇ ਬੱਚਿਆਂ ਵਿਚਕਾਰ ਚਾਰਟ ਤੇ ਰੰਗੋਲੀ ਮੁਕਾਬਲੇ ਕਰਵਾਏ ਗਏ। ਸਕੂਲ ਦੇ ਬੱਚਿਆਂ ਵੱਲੋਂ ਰੰਗੋਲੀ ਤੇ ਚਾਰਟਾਂ ਨਾਲ ਅਪਣੇ ਕਲਾਸ ਰੂਮ ਨੂੰ ਸਜਾਇਆ ਗਿਆ। ਤੇ ਸਕੂਲ ਸਟਾਫ ਨੇ ਬੱਚਿਆਂ ਵੱਲੋਂ ਕੀਤੀਆਂ ਗਤੀਵਿਧੀਆਂ ਦੀ ਸ਼ਲਾਘਾ ਕੀਤੀ, ਇਸ ਮੌਕੇ ਸਕੂਲ ਸਟਾਫ ਵਿੱਚ ਪ੍ਰਿੰਸੀਪਲ ਮੱਖਣ ਸਿੰਘ ਦੀਵਾਨਾ, ਕੁਲਜੀਤ ਸਿੰਘ ਦੀਵਾਨਾ, ਗੁਰਪ੍ਰੀਤ ਕੌਰ, ਰਮਨਜੀਤ ਕੌਰ,ਪ੍ਰਦੀਪ ਕੌਰ, ਪਵਨਜੀਤ ਕੌਰ,ਲਵਪ੍ਰੀਤ ਕੋਰ, ਲਛਮਣੀ, ਅਮਨਜੋਤ ਕੌਰ, ਸੁਖਮੀਤ ਕੌਰ, ਨਵਜੋਤ ਕੌਰ, ਅਮਨਦੀਪ ਕੌਰ , ਮਨਦੀਪ ਕੌਰ, ਅਮਨਜੋਤ ਕੌਰ, ਕਮਲਜੀਤ ਕੌਰ, ਸੁਖਪ੍ਰੀਤ ਕੋਰ ਕੁਲਵਿੰਦਰ ਕੋਰ ਅਮਨਦੀਪ ਕੋਰ ਗਹਿਲ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਦਸ਼ਮੇਸ਼ ਸਕੂਲ ਮਹਿਤਾ ਵਿਖੇ ਦੀਵਾਲੀ ਅਤੇ ਬੰਦੀ ਛੋੜ ਦਿਵਸ ਮਨਾਇਆ ਗਿਆ



**ਚੌਕ ਮਹਿਤਾ, 18 ਅਕਤੂਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਇਲਾਕੇ ਦੀ ਨਾਮਵਰ ਸੰਸਥਾ ਦਸ਼ਮੇਸ਼ ਸਕੂਲ ਮਹਿਤਾ ਚੌਂਕ ਵਿਖੇ ਰੋਸ਼ਨੀਆਂ ਦਾ ਤਿਉਹਾਰ ਦੀਵਾਲੀ ਅਤੇ ਬੰਦੀ ਛੋੜ ਦਿਵਸ ਬੜੇ ਜੋਸ਼ ਅਤੇ ਉਤਸ਼ਾਹ ਨਾਲ ਮਨਾਇਆ ਗਿਆ ਸਕੂਲ ਵਿੱਚ ਚੱਲ ਰਹੇ ਤਿੰਨ ਹਾਊਸ ਸਤਲੁਜ ਬਿਆਸ ਅਤੇ ਰਾਵੀ ਦੇ ਵਿਦਿਆਰਥੀਆਂ ਵਿਚਕਾਰ ਰੰਗੋਲੀ ਅਤੇ ਦੀਵਾ ਸਜਾਵਟ ਦਾ ਮੁਕਾਬਲਾ ਕਰਵਾਇਆ ਗਿਆ। ਰੰਗੋਲੀ ਮੁਕਾਬਲੇ ਵਿੱਚ ਪਹਿਲਾ ਸਥਾਨ ਰਾਵੀ ਹਾਊਸ ,ਦੂਜਾ ਸਥਾਨ ਬਿਆਸ ਹਾਊਸ ਅਤੇ ਤੀਜਾ ਸਥਾਨ ਸਤਲੁਜ ਹਾਊਸ ਨੇ ਹਾਸਿਲ ਕੀਤਾ। ਇਸੇ ਤਰ੍ਹਾਂ ਹੀ ਦਿਵਸ ਸਜਾਵਟ ਮੁਕਾਬਲੇ ਵਿੱਚ ਪਹਿਲਾਂ ਤੇ ਦੂਜਾ ਸਥਾਨ ਬਿਆਸ ਹਾਊਸ ਤੇ ਤੀਜਾ ਸਥਾਨ ਸਤਲੁਜ ਹਾਊਸ ਨੇ ਹਾਸਲ ਕੀਤਾ। ਕਾਲਜ ਦੇ ਵਿਦਿਆਰਥੀਆਂ ਨੇ ਗ੍ਰੀਨ ਦਿਵਾਲੀ ਨਾਲ ਸੰਬੰਧਿਤ ਇੱਕ ਡਰਾਮਾ ਪੇਸ਼ ਕਰਦੇ ਹੋਏ ਬੱਚਿਆਂ ਨੂੰ ਗ੍ਰੀਨ ਦਿਵਾਲੀ ਮਨਾਉਣ ਦਾ ਸੁਨੇਹਾ ਦਿੱਤਾ ਸੰਸਥਾ ਦੇ ਚੇਅਰਮੈਨ ਸ.ਗੁਰਦੀਪ ਸਿੰਘ ਰੰਧਾਵਾ ਨੇ ਬੱਚਿਆਂ ਨੂੰ ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਇਹ ਆਪਸੀ ਪ੍ਰੇਮ ਅਤੇ ਸਾਂਝੀ ਵਾਰਤਾ ਦੇ ਪ੍ਰਤੀਕ ਹਨ। ਸਾਨੂੰ ਸਭ ਨੂੰ ਅਜਿਹੇ ਤਿਉਹਾਰ ਰਲ ਮਿਲ ਕੇ ਮਨਾਉਣੇ ਚਾਹੀਦੇ ਹਨ ।ਇਸ ਮੌਕੇ ਪ੍ਰਿੰਸੀਪਲ ਮੈਡਮ ਗੁਰਬੀਰ ਕੌਰ ਕੋਆਰਡੀਨੇਟਰ ਮੈਡਮ ਰਵਿੰਦਰ ਕੌਰ ਸਰ ਅੰਮ੍ਰਿਤਪਾਲ ਸਿੰਘ, ਮੈਡਮ ਸੁਧਾ ਸ਼ਰਮਾ ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

ਪੰਥਕ ਸਿਆਸਤ ਦਾ ਨਵਾਂ ਅਧਿਆਇ ਸ਼ੁਰੂ

# ਤਰਨਤਾਰਨ ਤੋਂ ਮਨਦੀਪ ਸਿੰਘ ਵੱਲੋਂ ਨਾਮਜ਼ਦਗੀ ਪੱਤਰ ਦਾਖ਼ਲ



**ਤਰਨਤਾਰਨ, 18 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਤਰਨਤਾਰਨ ਜ਼ਿਮਨੀ ਚੋਣ ਲਈ ਉਮੀਦਵਾਰ ਵੱਜੋਂ ਭਾਈ ਮਨਦੀਪ ਸਿੰਘ, ਜੋ ਕਿ ਭਾਈ ਸੰਦੀਪ ਸਿੰਘ ਦੇ ਵੱਡੇ ਭਰਾਤਾ ਹਨ, ਨੇ ਅੱਜ ਤਰਨਤਾਰਨ ਐਸ.ਡੀ.ਐਮ. ਦਫ਼ਤਰ ਵਿਖੇ ਆਪਣਾਂ ਨਾਮਜ਼ਦਗੀ ਪੱਤਰ ਦਾਖ਼ਲ ਕੀਤਾ। ਇਸ ਮੌਕੇ ਤੇ ਉਹਨਾਂ ਦੇ ਪਰਿਵਾਰਿਕ ਮੈਬਰਾਂ ਵਿੱਚੋਂ ਦੂਸਰੇ ਭਰਾ ਭਾਈ ਹਰਦੀਪ ਸਿੰਘ ਵੀ ਨਾਲ ਮੌਜੂਦ ਸਨ ਅਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਦੀ ਸਮੂਹ ਲੀਡਰਸ਼ਿਪ ਜਿਸ ਵਿੱਚ ਮੁੱਖ ਤੌਰ ਤੇ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਜੀ ਦੇ ਪਿਤਾ ਬਾਪੂ ਤਰਸੇਮ ਸਿੰਘ ਜੀ, ਮੈਂਬਰ ਪਾਰਲੀਮੈਂਟ ਭਾਈ ਸਰਬਜੀਤ ਸਿੰਘ ਖ਼ਾਲਸਾ, ਅਕਾਲੀ ਦਲ ਪੁਨਰ ਸੁਰਜੀਤ ਤੋਂ ਸ੍ਰ ਸੁਰਜੀਤ ਸਿੰਘ ਰੱਖੜਾ, ਸ੍ਰ ਜਗਦੀਸ਼ ਸਿੰਘ ਝੂੰਦਾ, ਸ੍ਰ ਸੁੱਚਾ ਸਿੰਘ ਛੋਟੇਪੁਰ ਤੇ ਹੋਰ, ਭਾਈ ਪਰਮਜੀਤ ਸਿੰਘ ਜੌਹਲ, ਭਾਈ ਅਮਰਜੀਤ ਸਿੰਘ ਵੰਨਚਿੜੀ, ਭਾਈ ਹਰਭਜਨ ਸਿੰਘ ਤੁੜ, ਸ੍ਰ ਬਾਬੂ ਸਿੰਘ ਬਰਾੜ, ਭਾਈ ਕਾਬਲ ਸਿੰਘ, ਚਾਚਾ ਪ੍ਰਗਟ ਸਿੰਘ, ਭਾਈ ਸੁਖਦੇਵ ਸਿੰਘ ਕਾਦੀਆਂ, ਭਾਈ ਸੁਖਬੀਰ ਸਿੰਘ ਵਲਟੋਹਾ, ਭਾਈ ਭੁਪਿੰਦਰ ਸਿੰਘ ਗੱਦਲੀ (ਭਰਾਤਾ ਸ਼ਹੀਦ ਭਾਈ ਹਰਜਿੰਦਰ ਸਿੰਘ ਅਤੇ ਸੁੱਖਾ), ਭਾਈ ਜਸਕਰਨ ਸਿੰਘ ਕਾਹਨਸਿੰਘ ਵਾਲਾ, ਅਮਨਦੀਪ ਸਿੰਘ ਡੱਬੂਆਣਾਂ, ਭਾਈ ਪ੍ਰਗਟ ਸਿੰਘ ਮੀਆਂਵਿੰਡ, ਭਾਈ ਸ਼ਮਸ਼ੇਰ ਸਿੰਘ ਪੱਧਰੀ, ਭਾਈ ਮੋਹਕਮ ਸਿੰਘ ਜੀ, ਭਾਈ ਪਰਮਜੀਤ ਸਿੰਘ ਅਕਾਲੀ, ਭਾਈ ਸੰਦੀਪ ਸਿੰਘ ਰੁਪਾਲੋਂ, ਭਾਈ ਦਲਜੀਤ ਸਿੰਘ ਜਵੰਦਾ, ਭਾਨਾ ਸਿੱਧੂ, ਭਾਈ ਮਨਦੀਪ ਸਿੰਘ ਸਿੱਧੂ, ਭਾਈ ਜਸਵਿੰਦਰ ਸਿੰਘ ਬਾਦਲ, ਭਾਈ ਜਰਮਨਜੀਤ ਸਿੰਘ, ਭਾਈ ਕਰਨਵੀਰ ਸਿੰਘ ਫਿਰੋਜ਼ਪੁਰ, ਭਾਈ ਅਜੇਪਾਲ ਸਿੰਘ ਢਿਲੋਂ, ਭਾਈ ਜੁਗਰਾਜ ਸਿੰਘ ਲਾਲਾਨੰਗਲ, ਭਾਈ ਰਮਨਦੀਪ ਸਿੰਘ ਮੁੰਡਾਪਿੰਡ, ਬਾਬਾ ਹਰਪ੍ਰੀਤ ਸਿੰਘ, ਐਡਵੋਕੇਟ ਕਰਨਵੀਰ ਸਿੰਘ ਪੰਨੂ, ਭਾਈ ਦਇਆ ਸਿੰਘ, ਭਾਈ ਸੁਰਿੰਦਰਪਾਲ ਸਿੰਘ ਤਾਲਿਬਪੁਰਾ, ਬੀਬੀ ਮਨਜੀਤ ਕੌਰ, ਭਾਈ ਅਮਰਜੀਤ ਸਿੰਘ (ਸੋਨੂੰ ਪੰਡੋਰੀ), ਭਾਈ ਰਜਿੰਦਰ ਸਿੰਘ ਤਲਵੰਡੀ, ਭਾਈ ਚਮਕੌਰ ਸਿੰਘ, ਭਾਈ ਰਣਜੀਤ ਸਿੰਘ ਝਬਾਲ, ਭਾਈ ਹਰਪ੍ਰੀਤ ਸਿੰਘ, ਭਾਈ ਅਜੈਬ ਸਿੰਘ ਗਾਲਿਬ, ਭਾਈ ਦਲਜੀਤ ਸਿੰਘ ਮਿਆਦੀਆਂ, ਭਾਈ ਅਮਰੀਕ ਸਿੰਘ ਬਿੱਟਾ, ਤੋਂ ਇਲਾਵਾ ਹੋਰ ਜਥੇਬੰਦੀਆਂ ਵਿੱਚੋਂ ਸ਼੍ਰੋਮਣੀ ਅਕਾਲੀ ਦਲ ( ਮਾਨ ) ਤੋਂ ਸ੍ਰ ਈਮਾਨ ਸਿੰਘ ਮਾਨ, ਸ੍ਰ ਹਰਪਾਲ ਸਿੰਘ ਬਲੇਰ, ਸ੍ਰ ਉਪਕਾਰ ਸਿੰਘ ਸੰਧੂ ਤੇ ਉਹਨਾਂ ਦੇ ਸਾਥੀ ਵੀ ਹਾਜ਼ਰ ਸਨ। ਇਸ ਮੌਕੇ ਹਜ਼ਾਰਾਂ ਦੀ ਗਿਣਤੀ ਵਿੱਚ ਅਕਾਲੀ ਦਲ ਵਾਰਿਸ ਪੰਜਾਬ ਦੇ ਵਰਕਰ ਸਾਹਿਬਾਨ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਵਿਖੇ ਇਕੱਤਰ ਹੋਏ, ਜਿੱਥੇ ਸਾਰੀ ਸੰਗਤ ਨੇ ਨਤਮਸਤਕ ਹੋ ਕੇ ਜ਼ਿਮਨੀ ਚੋਣ ਵਿੱਚ ਫ਼ਤਹਿ ਲਈ ਅਰਦਾਸ ਕੀਤੀ। ਅਕਾਲੀ ਦਲ ਵਾਰਿਸ ਪੰਜਾਬ ਦੇ ਦਾ ਇਹ ਇਕੱਠ ਸਿਰਫ਼ ਇੱਕ ਚੋਣੀ ਕਾਫ਼ਲਾ ਨਹੀਂ ਸੀ, ਸਗੋਂ ਪੰਥਕ ਜੋਸ਼ ਦਾ ਪ੍ਰਗਟਾਵਾ ਸੀ। ਨੌਜਵਾਨਾਂ ਦੀਆਂ ਅੱਖਾਂ ਵਿੱਚ ਚੜ੍ਹਦੀ ਕਲਾ ਦਾ ਜਜ਼ਬਾ ਸੀ, ਬਜ਼ੁਰਗਾਂ ਦੇ ਚਿਹਰਿਆਂ 'ਤੇ ਪੰਥ ਪ੍ਰਤੀ ਸਮਰਪਣ ਦੀ ਸਾਫ਼ ਨਜਰ ਆ ਰਿਹਾ ਸੀ। ਹਰ ਪਿੰਡ ਤੋਂ ਲੋਕ ਨਿਸ਼ਾਨ ਸਾਹਿਬ ਲਹਿਰਾਉਂਦੇ ਹੋਏ ਜੁੜਦੇ ਗਏ ਅਤੇ ਇਹ ਕਾਫ਼ਲਾ ਤਰਨਤਾਰਨ ਦੀ ਧਰਤੀ 'ਤੇ ਇੱਕ ਪੰਥਕ ਲਹਿਰ ਵਾਂਗ ਵਗਦਾ ਦਿਖਾਈ ਦਿੱਤਾ। ਇਹ ਸਿਰਫ਼ ਨਾਮਜ਼ਦਗੀ ਦਾ ਦਿਨ ਨਹੀਂ ਸੀ, ਇਹ ਉਹ ਘੜੀ ਸੀ ਜਦੋਂ ਲੋਕਾਂ ਨੇ ਦੁਬਾਰਾ ਸੱਚੀ ਅਕਾਲੀ ਸਿਆਸਤ 'ਤੇ ਭਰੋਸਾ ਜਤਾਇਆ। ਗੁ: ਬੀੜ ਬਾਬਾ ਬੁੱਢਾ ਸਾਹਿਬ ਤੋਂ ਸ਼ੁਰੂ ਹੋਇਆ ਇਹ ਕਾਫ਼ਲਾ ਸੈਂਕੜਿਆਂ ਗੱਡੀਆਂ, ਮੋਟਰਸਾਈਕਲਾਂ ਤੇ ਜਜ਼ਬੇ ਨਾਲ ਭਰਪੂਰ ਨੌਜਵਾਨਾਂ ਦੇ ਨਾਹਰਿਆਂ ਨਾਲ ਗੂੰਜਦਾ ਹੋਇਆ ਪੜਾਅ-ਦਰ-ਪੜਾਅ ਤਰਨਤਾਰਨ ਐਸ.ਡੀ.ਐਮ. ਦਫ਼ਤਰ ਪਹੁੰਚਿਆ। ਰਸਤੇ ਵਿੱਚ ਇਲਾਕੇ ਦੀਆਂ ਸੰਗਤਾਂ ਵੱਲੋਂ ਵੱਡੇ ਉਤਸ਼ਾਹ ਨਾਲ ਭਾਈ ਮਨਦੀਪ ਸਿੰਘ ਅਤੇ ਬਾਪੂ ਤਰਸੇਮ ਸਿੰਘ ਜੀ ਦਾ ਹਾਰਾਂ, ਫੁੱਲਾਂ ਅਤੇ ਸਿਰੋਪਾਓ ਨਾਲ ਸਵਾਗਤ ਕੀਤਾ ਗਿਆ। ਭਾਈ ਮਨਦੀਪ ਸਿੰਘ ਨੇ ਇਸ ਮੌਕੇ ਤੇ ਕਿਹਾ ਕਿ ਉਹ ਇਹ ਚੋਣ ਕਿਸੇ ਵਿਅਕਤੀਗਤ ਲਾਭ ਲਈ ਨਹੀਂ, ਸਗੋਂ ਸਿੱਖ ਸਿਧਾਂਤਾਂ ਅਤੇ ਪੰਥਕ ਮਰਿਆਦਾਵਾਂ ਦੀ ਰੱਖਿਆ ਲਈ ਲੜ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਅਕਾਲੀ ਦਲ ਵਾਰਿਸ ਪੰਜਾਬ ਦੇ ਹੀ ਉਹ ਤਾਕਤ ਹੈ ਜੋ ਪੰਜਾਬ ਦੀ ਸੱਚੀ ਸਿਆਸਤ ਨੂੰ ਮੁੜ ਜ਼ਿੰਦਾ ਕਰੇਗੀ। ਪਾਰਟੀ ਲੀਡਰਸ਼ਿਪ ਵੱਲੋਂ ਕਿਹਾ ਗਿਆ ਕਿ ਤਰਨਤਾਰਨ ਦੀ ਇਹ ਚੋਣ ਸਿਰਫ਼ ਇੱਕ ਹਲਕਾ ਨਹੀਂ, ਸਗੋਂ ਪੰਥਕ ਆਦਰਸ਼ਾਂ 'ਤੇ ਖੜ੍ਹੀ ਜੰਗ ਦਾ ਐਲਾਨ ਹੈ, ਜਿਸ ਦਾ ਜੋੜ ਸੱਚ, ਇਨਸਾਫ ਅਤੇ ਗੁਰਮਤਿ ਨੀਤੀ ਨਾਲ ਹੈ।

> **ਗੁ: ਬੀੜ ਬਾਬਾ ਬੁੱਢਾ ਸਾਹਿਬ ਤੋਂ ਨਤਮਸਤਕ ਹੋ ਕੇ ਭਾਈ ਮਨਦੀਪ ਸਿੰਘ ਅਕਾਲੀ ਦਲ ਵਾਰਿਸ ਪੰਜਾਬ ਦੇ ਕਾਫ਼ਲੇ ਨਾਲ ਪਹੁੰਚੇ ਤਰਨਤਾਰਨ**

# ਝਾੜ ਸਾਹਿਬ ਕਾਲਜ ਵਿਖੇ ਪਲਾਸਟਿਕ ਫਰੀ ਗਰੀਨ ਦੀਵਾਲੀ ਮਨਾਈ ਗਈ



**ਮਾਛੀਵਾੜਾ ਸਾਹਿਬ, 18 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸਰਪ੍ਰਸਤੀ ਹੇਠ ਚੱਲ ਰਹੀ ਇਲਾਕੇ ਦੀ ਸਿਰਮੌਰ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ ਝਾੜ ਸਹਿਬ ਵਿਖੇ ਕਾਲਜ ਪ੍ਰਿੰਸੀਪਲ ਡਾ.ਰਜਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਤੇ ਡਾ. ਸੁਨੀਤਾ ਕੌਸ਼ਲ ਇੰਚਾਰਜ ਸੋਸ਼ਲ ਸੈਲਫ ਹੈਲਪ ਗਰੁੱਪ, ਡਾ ਰਣਜੀਤ ਕੌਰ ਮੁੱਖੀ ਹੋਮ ਸਾਇੰਸ ਵਿਭਾਗ, ਡਾ. ਮਹੀਪਿੰਦਰ ਕੌਰ ਮੁੱਖੀ ਪੰਜਾਬੀ ਵਿਭਾਗ ਅਤੇ ਇੰਚਾਰਜ ਪੰਜਾਬੀ ਸਾਹਿਤ ਸਭਾ, ਸ਼੍ਰੀਮਤੀ ਜਸਵੀਰ ਕੌਰ ਇੰਚਾਰਜ ਐੱਨ,ਐਸ,ਐਸ ਯੂਨਿਟ, ਮਿਸ ਆਰਤੀ ਮੁੱਖੀ ਕਾਮਰਸ ਵਿਭਾਗ ਦੀ ਯੋਗ ਅਗਵਾਈ ਹੇਠ ਕਾਲਜ ਵਿਦਿਆਰਥਣਾਂ ਵੱਲੋਂ ਪਲਾਸਟਿਕ ਫਰੀ ਗ੍ਰੀਨ ਦੀਵਾਲੀ ਮਨਾਈ ਗਈ।ਵਿਦਿਆਰਥਣਾਂ ਨੇ ਗ੍ਰੀਨ ਦੀਵਾਲੀ ਮਨਾਉਣ ਦੇ ਸੰਕਲਪ ਨੂੰ ਲਾਗੂ ਕਰਕੇ ਵਾਤਾਵਰਨ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਦਾ ਪ੍ਰਣ ਲਿਆ। ਪੰਜਾਬੀ ਵਿਭਾਗ ਦੀਆਂ ਵਿਦਿਆਰਥਣਾਂ ਵੱਲੋਂ ਫੁੱਲਾਂ ਦੇ ਮੌਸਮੀ ਪੌਦੇ ਲਗਾਏ ਗਏ। ਐੱਨ,ਐਸ,ਐਸ ਤੇ ਸੈਲਫ ਹੈਲਪ ਗਰੁੱਪ ਦੀਆਂ ਵਿਦਿਆਰਥਣਾਂ ਵੱਲੋਂ ਮਿੱਟੀ ਦੇ ਦੀਵੇ, ਵਸਤਰ, ਤੇਲ,ਬੱਤੀਆਂ ਆਦਿ ਸਮਾਨ ਲੋੜਵੰਦਾਂ ਨੂੰ ਵੰਡਿਆ ਗਿਆ। ਹੋਮ ਸਾਇੰਸ ਵਿਭਾਗ ਵੱਲੋਂ ਹੱਥੀ ਬਣਾਈਆਂ ਮਿਠਾਈਆਂ, ਕੇਕ, ਪੱਖੀਆਂ, ਰੰਗ-ਬਰੰਗੇ ਦੀਵੇ ਅਤੇ ਕਾਮਰਸ ਵਿਭਾਗ ਨੇ ਪਲਾਸਟਿਕ ਫਰੀ ਸਜਾਵਟੀ ਸਮਾਨ ਦੀ ਪ੍ਰਦਰਸ਼ਨੀ ਲਗਾਈ ਗਈ।ਪ੍ਰਿੰਸੀਪਲ ਡਾ ਰਜਿੰਦਰ ਕੌਰ ਅਤੇ ਕਾਲਜ ਦੀ ਲੋਕਲ ਮੈਨੇਜਮੈਂਟ ਕਮੇਟੀ ਨੇ ਸਮੂਹ ਸਟਾਫ ਅਤੇ ਵਿਦਿਆਰਥਣਾਂ ਨੂੰ ਦੀਵਾਲੀ ਮੌਕੇ ਇਸ ਉਸਾਰੂ ਉਪਰਾਲੇ ਦੀ ਵਧਾਈ ਦਿੱਤੀ। ਕਾਲਜ ਪ੍ਰਿੰਸੀਪਲ ਡਾ ਰਜਿੰਦਰ ਕੌਰ ਨੇ ਕਿਹਾ ਕਿ ਦੀਵਾਲੀ ਦਾ ਤਿਉਹਾਰ ਬੰਦੀ ਛੋੜ ਦਿਵਸ ਦੇ ਰੂਪ ਵਿੱਚ ਵੀ ਮਨਾਇਆ ਜਾਂਦਾ ਹੈ।ਗੁਰਮਤਿ ਦੀ ਜੀਵਨ ਜੁਗਤ ਵਿੱਚ ਮਨੁੱਖ ਨੂੰ ਸਮੁੱਚੇ ਰੂਪ ਵਿੱਚ ਇਹ ਸੇਧ ਦਿੱਤੀ ਗਈ ਹੈ ਕਿ ਸਾਨੂੰ ਕੋਈ ਵੀ ਉਤਸਵ ਇਸ ਤਰਾਂ ਨਹੀ ਮਨਾਉਣਾ ਚਾਹੀਦਾ ਜਿਸ ਨਾਲ ਮਨੁਖੀ ਜੀਵਨ ਪ੍ਰਭਾਵਿਤ ਹੋਵੇ। ਇਸ ਲਈ ਵਾਤਾਵਰਨ ਵਿੱਚਲੇ ਪ੍ਰਦੂਸ਼ਣ ਨੂੰ ਦੂਰ ਕਰਨ ਲਈ ਕਾਲਜ ਵਿਦਿਆਰਥਣਾਂ ਵੱਲੋਂ ਪਲਾਸਟਿਕ ਫ੍ਰੀ ਗ੍ਰੀਨ ਦੀਵਾਲੀ ਮਨਾ ਕੇ ਆਪਣਾ ਯੋਗਦਾਨ ਪਾਇਆ ਗਿਆ ਹੈ।ਇਸ ਮੌਕੇ ਮਿਸ ਸਿਮਰਨਪ੍ਰੀਤ ਕੌਰ ਅਤੇ ਹੋਰ ਕਾਲਜ ਸਟਾਫ ਮੈਂਬਰ ਹਾਜ਼ਰ ਸਨ।

# ਦਿੱਲੀ ਦੀ ਸੰਗਤ ਨੇ ਗਰਮਜੋਸ਼ੀ ਨਾਲ ਕੀਤਾ ਸ਼ਹੀਦੀ ਜਾਗਰਤੀ ਯਾਤਰਾ ਦਾ ਸਵਾਗਤ



ਨਵੀਂ ਦਿੱਲੀ, 18 ਅਕਤੂਬਰ (ਮਨਪ੍ਰੀਤ ਸਿੰਘ ਖਾਲਸਾ):- ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਸਥਾਨ ਗੁਰਦੁਆਰਾ ਸੀਸ ਗੰਜ ਸਾਹਿਬ ਤੋਂ ਅੱਜ ਸਵੇਰੇ ਸ਼ਹੀਦੀ ਜਾਗਰਤੀ ਯਾਤਰਾ ਦੀ ਸ਼ੁਰੂਆਤ ਹੋਈ ਜਿਸਦਾ ਸਮਾਪਨ ਰਾਤ ਦੇਰ ਕਰਨਾਲ ਬਾਈਪਾਸ 'ਤੇ ਸਥਿਤ ਗੁਰਦੁਆਰਾ ਹਰਗੋਬਿੰਦ ਸ੍ਰ 'ਤੇ ਹੋਇਆ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਹਾਸਚਿਵ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਪਹੁੰਚ ਕੇ ਯਾਤਰਾ ਨੂੰ ਰਵਾਨਾ ਕੀਤਾ। ਇਸ ਮੌਕੇ ਉਤੇ ਸਰਦਾਰ ਕਾਹਲੋਂ ਅਤੇ ਮੀਡੀਆ ਸਲਾਹਕਾਰ ਸਦੀਪ ਸਿੰਘ ਨੇ ਤਖ਼ਤ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਬਲਦੇਵ ਸਿੰਘ, ਐਡੀਸ਼ਨਲ ਹੈੱਡ ਗ੍ਰੰਥੀ ਗਿਆਨੀ ਦਲੀਪ ਸਿੰਘ, ਗਿਆਨੀ ਗੁਰਦਿਆਲ ਸਿੰਘ ਦੇ ਨਾਲ ਨਾਲ ਤਖ਼ਤ ਪਟਨਾ ਸਾਹਿਬ ਕਮੇਟੀ ਦੇ ਪ੍ਰਧਾਨ ਸਰਦਾਰ ਜਗਜੋਤ ਸਿੰਘ ਸੋਹੀ, ਮਹਾਸਚਿਵ ਇੰਦਰਜੀਤ ਸਿੰਘ, ਮੈਂਬਰ ਹਰਪਾਲ ਸਿੰਘ ਜੋਹਲ, ਜਸਬੀਰ ਸਿੰਘ ਧਾਮ, ਸੁਪਰਿੰਟੈਂਡੈਂਟ ਦਲਜੀਤ ਸਿੰਘ, ਅਤੇ ਮੈਨੇਜਰ ਹਰਜੀਤ ਸਿੰਘ ਦਾ ਸਵਾਗਤ ਕੀਤਾ। ਗੁਰਦੁਆਰਾ ਸੀਸ ਗੰਜ ਸਾਹਿਬ ਤੋਂ ਨਗਰ ਕੀਰਤਨ ਆਜ਼ਾਦ ਮਾਰਕਿਟ, ਪ੍ਰਤਾਪ ਨਗਰ, ਸ਼ਾਸਤਰੀ ਨਗਰ, ਮੋਤੀ ਨਗਰ, ਰਾਜਾ ਗਾਰਡਨ, ਰਾਜੌਰੀ ਗਾਰਡਨ, ਤਿਲਕ ਨਗਰ, ਆਊਟਰ ਰਿੰਗ ਰੋਡ ਰਾਹੀਂ ਕਰਨਾਲ ਬਾਈਪਾਸ ਤਕ ਪਹੁੰਚੀ। ਦਿੱਲੀ ਦੀ ਸੰਗਤ ਨੇ ਸਾਰੇ ਮਾਰਗ ਦੌਰਾਨ ਜਾਗਰਤੀ ਯਾਤਰਾ ਦਾ ਸ਼ਾਨਦਾਰ ਸਵਾਗਤ ਕੀਤਾ। ਸਰਦਾਰ ਜਗਜੋਤ ਸਿੰਘ ਸੋਹੀ ਨੇ ਦਿੱਲੀ ਗੁਰਦੁਆਰਾ ਕਮੇਟੀ ਅਤੇ ਦਿੱਲੀ ਦੀ ਸੰਗਤ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਜਾਗਰਤੀ ਯਾਤਰਾ ਦਾ ਵਧੀਆ ਸਵਾਗਤ ਕੀਤਾ ਅਤੇ ਸੰਗਤ ਦੀ ਰਹਾਇਸ਼, ਲੰਗਰ ਆਦਿ ਦੇ ਚੰਗੇ ਇੰਤਜਾਮ ਕੀਤੇ।

ਕੱਲ੍ਹ ਸਵੇਰੇ ਜਾਗਰਤੀ ਯਾਤਰਾ ਕਰਨਾਲ (ਹਰਿਆਣਾ) ਵੱਲ ਰਵਾਨਾ ਹੋਏਗੀ ਅਤੇ 27 ਤਾਰੀਖ ਨੂੰ ਆਨੰਦਪੁਰ ਸਾਹਿਬ ਵਿਖੇ ਸੰਪੰਨ ਹੋਏਗੀ। ਕਮੇਟੀ ਦੇ ਮਹਾਸਚਿਵ ਇੰਦਰਜੀਤ ਸਿੰਘ, ਮੈਂਬਰ ਹਰਪਾਲ ਸਿੰਘ ਜੋਹਲ, ਅਤੇ ਮੀਡੀਆ ਸਲਾਹਕਾਰ ਸੁਦੀਪ ਸਿੰਘ ਯਾਤਰਾ ਦੇ ਪ੍ਰਬੰਧਾਂ ਦੀ ਨਿਗਰਾਨੀ ਕਰਦੇ ਹੋਏ ਨਾਲ ਹੀ ਦਿਖਾਈ ਦਿੱਤੇ।

# ਸਰਦਾਰ ਤਲਬੀਰ ਸਿੰਘ ਗਿੱਲ ਦੀ ਅਗਵਾਹੀ, ਮਜੀਠੇ ਹਲਕੇ ਦੀ ਬਦਲੇਗੀ ਨੁਹਾਰ - ਪ੍ਰਿੰਸੀਪਲ ਗੁਰਮੁੱਖ ਸਿੰਘ ਅਰਜਨ ਮਾਂਗਾ



**ਚੌਕ ਮਹਿਤਾ,,18 ਅਕਤੂਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਅੱਜ ਹਲਕਾ ਮਜੀਠਾ ਦੇ ਇੰਚਾਰਜ ਸਰਦਾਰ ਤਲਬੀਰ ਸਿੰਘ ਗਿੱਲ ਨੇ ਲਗਭਗ 300 ਕਰੋੜ ਦੇ ਖਰਚੇ ਨਾਲ ਪਿੰਡ ਉਦੋਂ ਨੰਗਲ ਤੋ ਕਲੇਰ ਵਾਇਆ ਅਰਜਨ ਮਾਂਗਾ, ਅਰਜਨ ਮਾਂਗਾ ਤੋਂ ਚੰਨਣਕੇ, ਅਰਜਨ ਮਾਂਗਾ ਮੋੜ ਤੋਂ ਸੂਰੋ ਪੱਡਾ, ਨਾਥ ਦੀ ਖੂਹੀ ਤੋ ਭੋਏਵਾਲ ਆਦਿਕ ਸੜਕਾਂ ਦਾ ਉਦਘਾਟਨ ਕੀਤਾ ਅਤੇ ਇਸ ਮੌਕੇ ਮਹਿਕਮੇ ਅਤੇ ਠੇਕੇਦਾਰਾਂ ਨੂੰ ਆਪਣਾਂ ਕੰਮ ਪੂਰੀ ਇਮਾਨਦਾਰੀ ਨਾਲ ਕਰਨ ਦੀ ਸਲਾਹ ਦਿੱਤੀ ਤਾਂ ਕਿ ਵਿਕਾਸ ਕਾਰਜਾਂ ਵਿੱਚ ਕੋਈ ਕਮੀ ਨਾ ਰਹੇ। ਇਸ ਮੌਕੇ ਪ੍ਰਿੰਸੀਪਲ ਗੁਰਮੁੱਖ ਸਿੰਘ ਅਰਜਨ ਮਾਂਗਾ ਨੇ ਇਲਾਕੇ ਦੀਆਂ ਸਮੂੰਹ ਸੰਗਤਾਂ ਵੱਲੋਂ ਸਰਦਾਰ ਤਲਬੀਰ ਸਿੰਘ ਗਿੱਲ ਦਾ ਹੀ ਨਹੀਂ ਸਗੋ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਅਤੇ ਮਨੀਸ਼ ਸਿਸੋਦੀਆ ਜੀ ਦਾ ਤਹਿ ਦਿਲੋਂ ਧੰਨਵਾਦ ਕੀਤਾ ਜਿਨਾਂ ਨੇ ਹੋਣਹਾਰ , ਅਣਥੱਕ ਅਤੇ ਹਲਕੇ ਦੇ ਹਰਮਨ ਪਿਆਰੇ ਨੌਜਵਾਨ ਨੇਤਾ ਸਰਦਾਰ ਤਲਬੀਰ ਸਿੰਘ ਗਿੱਲ ਨੂੰ ਹਲਕੇ ਮਜੀਠੇ ਦੀ ਅਗਵਾਈ ਸੌਂਪੀ ਜਿਸ ਤਹਿਤ ਹੀ ਹਲਕੇ ਵਿੱਚ ਵਿਕਾਸ ਦੀ ਹਨੇਰੀ ਚੱਲ ਰਹੀ ਹੈ। ਇਸ ਮੌਕੇ ਰਣਧੀਰ ਸਿੰਘ ਸਾਬਕਾ ਸਰਪੰਚ, ਨਿਸ਼ਾਨ ਸਿੰਘ, ਬਲਜਿੰਦਰ ਸਿੰਘ, ਮਲਕੀਤ ਸਿੰਘ, ਤਰਲੋਚਨ ਸਿੰਘ, ਲਵਪ੍ਰੀਤ ਸਿੰਘ, ਮੈਂਬਰ ਪੰਚਾਇਤ ਨਿਸ਼ਾਨ ਸਿੰਘ , ਗੁਰਦਿਆਲ ਸਿੰਘ, ਸੋਨੀ ਸਿੰਘ, ਜਰਮਨਜੀਤ ਸਿੰਘ, ਕੈਪਟਨ ਬਲਕਾਰ ਸਿੰਘ, ਮਾਸਟਰ ਪਲਵਿੰਦਰ ਸਿੰਘ, ਜਸਬੀਰ ਸਿੰਘ, ਪਰਗਟ ਸਿੰਘ ਸਰਪੰਚ ਸੁਰਜੀਤ ਸਿੰਘ ਭੋਏਵਾਲ, ਗੁਰਵਿੰਦਰ ਸਿੰਘ ਨਿੰਬਰਵਿੰਡ, ਕਿਰਪਾਲ ਸਿੰਘ, ਤਲਵਿੰਦਰ ਸਿੰਘ ਸਾਧਪੁਰ ,ਮਨਦੀਪ ਸਿੰਘ ਤੰਦੇਲ, ਬਲਬੀਰ ਸਿੰਘ ਬੋਪਾਰਾਏ ਕੁਲਵਿੰਦਰ ਸਿੰਘ ਮਿੱਠਾ ਚੰਨਣਕੇ, ਲਖਵਿੰਦਰ ਸਿੰਘ ਨਾਥ ਦੀ ਖੂਹੀ , ਬਲਜੀਤ ਸਿੰਘ ਸਰਾਂ, ਰਵਿੰਦਰ ਸਿੰਘ ਕਲੇਰ, ਸ਼ਿਵਰਾਜ ਸਿੰਘ ਭੀਲੋਵਾਲ, ਸਿਕੰਦਰ ਸਿੰਘ ਖਿਦੋਵਾਲ , ਬਲਿਹਾਰ ਸਿੰਘ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243